Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਅਗਸਤ 2019 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਅਜ਼ਾਦੀ ਦੇ ਸ਼ਹੀਦਾਂ ਅਤੇ ਸੁਤੰਤਰਤਾ ਸੰਗਰਾਮੀਆਂ ਨੂੰ ਕੋਟਿਨ-ਕੋਟਿ ਪ੍ਰਣਾਮ !




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਭਾਰਤ ਦੀ ਆਜ਼ਾਦੀ



ਭਾਰਤ ਵਿਚ 15 ਅਗਸਤ ਹਰ ਸਾਲ ਆਜ਼ਾਦੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਦਿਨ ਹੀ 200 ਸਾਲ ਬਾਅਦ ਭਾਰਤ ਆਜ਼ਾਦ ਹੋਇਆ ਸੀ। ਇਸ ਇਤਿਹਾਸਕ ਦਿਨ (15 ਅਗਸਤ 1947) ਨੂੰ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਲਾਲ ਕਿਲੇ ਤੇ ਤਿਰੰਗਾ ਝੰਡਾ ਲਹਿਰਾਇਆ ਸੀ। ਸੰਨ 1757 ਵਿਚ ਪਲਾਸੀ ਦੀ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਉਪਰੰਤ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਸਟਾਰਟ ਕਰ ਦਿੱਤੀ ਸੀ ਅਤੇ ਬਰਿਟਿਸ਼ ਕਰਾਉਨ ਨੇ 1858 ਵਿਚ ਕਬਜ਼ਾ ਸੰਭਾਲ ਲਿਆ ਸੀ। ਦੁਨੀਆਂ ਦੀ ਪਹਿਲੀ ਲੜਾਈ ਤੋਂ ਬਾਅਦ ਭਾਰਤ ਦੇ ਲੋਕਾਂ ਵਿਚ ਆਜ਼ਾਦੀ ਹਾਸਿਲ ਕਰਨ ਵਾਸਤੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਮਹਾਤਮਾ ਗਾਂਧੀ (Father of the nation) ਨੇ ਆਜ਼ਾਦੀ ਲਈ ਭਾਰਤ ਦੇ ਲੋਕਾਂ ਵਿਚ ਜਾਗਰਤੀ ਪੈਦਾ ਕਰਨ ਵਾਸਤੇ ਕਈ ਅੰਦੋਲਨ ਸ਼ੁਰੂ ਕੀਤੇ। ਕਾਂਗਰਸ ਦੇ ਰਹਿ ਚੁੱਕੇ ਪ੍ਰਧਾਨ ਸੁਭਾਸ਼ ਚੰਦਰ ਬੋਸ ਨੇ ਫਾਰਵਰਡ ਬਲਾਕ ਬਣਾ ਕੇ, ਅਹਿੰਸਾ ਦੀ ਨੀਤੀ ਦੀ ਥਾਂ ’ਤੇ ਹਥਿਆਰਬੰਦ ਸੰਘਰਸ਼ ਨੂੰ ਅਪਣਾਇਆ। ਉਸ ਨੇ ਲੋਕਾਂ ਨੂੰ ਵੰਗਾਰ ਪਾਈ ‘ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ।’ ਉਸਨੇ ਗਿਆਨੀ ਪ੍ਰੀਤਮ ਸਿੰਘ ਅਤੇ ਜਨਰਲ ਮੋਹਨ ਸਿੰਘ ਵੱਲੋਂ ਖੜ੍ਹੀ ਕੀਤੀ ਗਈ ‘ਆਜ਼ਾਦ ਹਿੰਦ ਫ਼ੌਜ’ ਨੂੰ ਮਜ਼ਬੂਤ ਕੀਤਾ, ਜਿਸ ਦੇ ਹਜ਼ਾਰਾਂ ਫੌਜੀਆਂ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ। ਇਸ ਫੌਜ ਨੇ ਅਕਤੂਬਰ 1983 ਵਿਚ ‘ਆਜ਼ਾਦ ਹਿੰਦ ਸਰਕਾਰ’ ਵੀ ਕਾਇਮ ਕੀਤੀ। ਇਸ ਫੌਜ ਨੇ ਸਿਆਮ, ਬਰਮਾ ਦੇ ਮੁਹਾਜ਼ਾਂ ’ਤੇ ਲੜਾਈਆਂ ਵੀ ਲੜੀਆਂ। ਐਮਫਾਲਇਮਫਾਲ ’ਤੇ ਕਬਜ਼ਾ ਕਰਕੇ ਤਿਰੰਗਾ ਝੰਡਾ ਝੁਲਾਇਆ। 18 ਅਗਸਤ, 1945 ਨੂੰ ਸੁਭਾਸ਼ ਚੰਡਰ ਬੋਸ ਦੀ ਇਕ ਹਵਾਈ ਹਾਦਸੇ ਵਿਚ ਮੌਤ ਹੋ ਗਈ ਪਰ ਉਹ ਅੰਤ ਤੀਕ ਹਥਿਆਰਬੰਦ ਸੰਘਰਸ਼ ਦੇ ਮਾਰਗ ’ਤੇ ਡਟੇ ਰਹੇ। ਦੇਸ਼ ਦੇ ਹਰ ਇਲਾਕੇ ਵਿਚ ਲੋਕ ਜਾਗਰਤ ਹੋ ਗਏ ਅਤੇ ਭੜਕ ਉੱਠੇ। ਸ਼ਹੀਦ ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ, ਸ. ਊਧਮ ਸਿੰਘ, ਰਾਜਗੁਰੂ, ਸੁਖਦੇਵ, ਡਾ. ਭੀਮ ਰਾਓ ਅੰਬੇਦਕਰ, ਲਾਲਾ ਲਾਜਪਤ ਰਾਏ, ਮਦਨ ਲਾਲ ਢੀਂਗਰਾ, ਝਾਂਸੀ ਦੀ ਰਾਣੀ, ਸ਼ੁਭਾਸ਼ ਚੰਦਰ ਬੋਸ, ਪੰਡਿਤ ਜਵਾਹਰ ਲਾਲ ਨਹਿਰੂ, ਸੇਵਾ ਸਿੰਘ ਠੀਕਰੀ ਵਾਲਾ, ਸ਼ਾਮ ਸਿੰਘ ਅਟਾਰੀ, ਚੰਦਰ ਸ਼ੇਖਰ ਆਜ਼ਾਦ, ਕਿਸ਼ਨ ਸਿੰਘ ਗੜਗਜ, ਲਾਲਾ ਹਰਦਿਆਲ, ਲਾਲਾ ਜਗਤ ਨਰਾਇਣ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਆਮਦੇ ਅਤੇ ਲਾਲਾ ਦੇਸਮੁੱਖ ਆਦਿ ਅਣਗਿਣਤ ਸੂਰਮੇ ਜਾਨਾਂ ਤਲੀ ਉੱਤੇ ਰੱਖ ਕੇ ਮੈਦਾਨ ਵਿਚ ਨਿਕਲ ਤੁਰੇ ਬਾਪੂ ਮਹਾਤਮਾ ਗਾਂਧੀ ਜੀ ਨੇ ਆਪਣੇ ਢੰਗ ਨਾਲ ਨਾ ਮਿਲਵਰਤਨ ਲਹਿਰ ਚਲਾ ਦਿੱਤੀ। ਫਿਰ ਗਦਰੀ ਬਾਬਿਆਂ ਨੇ ਪੂਰਾ ਗਦਰ ਮਚਾ ਕੇ ਰੱਖ ਦਿੱਤਾ। ਅੰਗਰੇਜ਼ਾਂ ਖਿਲਾਫ ਗਲ ਕੀ ਇੱਕ ਵਾਰ ਤਾਂ ਭਾਰਤ ਦਾ ਬੱਚਾ-ਬੱਚਾ ਅੰਗਰੇਜ਼ਾਂ ਨੂੰ ਕੱਢਣ ਲਈ ਸੜਕਾਂ ਉੱਤੇ ਨਿਕਲ ਆਇਆ। ਅਣਗਿਣਤ ਬਹਾਦਰਾਂ, ਦਲੇਰਾਂ ਅਤੇ ਨਿਰਦੋਸ਼ਿਆਂ ਦੇ ਖ਼ੂਨ ਦੀਆਂ ਨਦੀਆਂ ਵਗ ਤੁਰੀਆਂ, ਸੂਰਮੇ ਫਾਂਸੀਆਂ ਤੇ ਚੜ੍ਹੇ, ਅਣਗਿਣਤਾਂ ਨੂੰ ਕਾਲੇ ਪਾਣੀਆਂ ਤੋਂ ਪਾਰ ਭੇਜਣ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ, ਪਰ ਆਖ਼ਰ ਨੂੰ ਅੰਗਰੇਜ਼ਾਂ ਨੂੰ ਬੁਰੀ ਤਰ੍ਹਾਂ ਹਾਰ ਮੰਨਣੀ ਪਈ। ਉਹ ਖ਼ੁਦ ਨਹੀਂ ਗਏ, ਬਲਕਿ ਤਾਕਤ ਦੇ ਜ਼ੋਰ ਨਾਲ ਉਹਨਾਂ ਨੂੰ ਦੇਸ਼ ਵਿਚੋਂ ਧੱਕੇ ਮਾਰ ਕੇ ਬਾਹਰ ਕੱਢਿਆ ਗਿਆ।

ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਰ ਧਰਮ ਜਾਤ ਦੇ ਲੋਕਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ, ਪਰ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਹਿੱਸੇ ਆਈਆਂ ਅਤੇ ਆਜ਼ਾਦੀ ਮਿਲਣ ਤੋਂ ਬਾਅਦ ਸੰਤਾਪ ਵੀ ਪੰਜਾਬ ਦੇ ਲੋਕਾਂ ਨੂੰ ਭੋਗਣਾ ਪਿਆ ਭਾਵੇਂ ਅੱਜ ਇਹ ਆਜ਼ਾਦੀ ਉਹ ਨਹੀਂ ਜਿਸ ਨੇ ਸਾਡੇ ਮਹਾਨ ਸ਼ਹੀਦਾਂ ਨੂੰ ਜਿਤਿਆ ਸੀ। ਆਜ਼ਾਦੀ ਦੀ ਲੜਾਈ ਵਿਚ ਸਿੱਖਾਂ ਦਾ ਵੀ ਸਭ ਤੋਂ ਵੱਡਾ ਯੋਗਦਾਨ ਸੀ ਜਿਸ ਤਰ੍ਹਾਂ:-

| | | | | |
|---|---|---|---|---|
| 1. | ਫਾਂਸੀ ਮਿਲੀ | 121 ਜਿਨ੍ਹਾਂ ਵਿਚ | 93 ਸਿੱਖ ਅਤੇ | 28 ਗੈਰ ਸਿੱਖ ਸਨ |
| 2. | ਉਮਰ ਕੈਦ | 2646 | 2147 | 499 |
| 3. | ਜਲਿਆਂ ਵਾਲੇ ਬਾਗ ਦੇ ਸ਼ਹੀਦ | 1300 | 799 | 501 |
| 4. | ਬਜ ਬਜ ਘਾਟ ਦੇ ਸ਼ਹੀਦ | 113 | 67 | 46 |
| 5. | ਕੂਕਾ ਲਹਿਰ ਵਿਚ ਸ਼ਹੀਦ | 91 | 91 | ------ |
| 6. | ਅਕਾਲੀ ਲਹਿਰ ਵਿਚ ਸ਼ਹੀਦ | 500 | 500 | ------ |

ਬੇਸ਼ਕ ਆਜ਼ਾਦੀ ਤੋਂ ਬਾਅਦ ਦੇਸ਼ ਨੇ ਵੱਖ-ਵੱਖ ਖੇਤਰਾਂ ਵਿਚ ਤਰੱਕੀ ਹਾਸਿਲ ਕੀਤੀ ਹੈ ਪਰ ਆਮ ਲੋਕਾਂ ਦੀਆਂ ਜਿਉਣ ਹਾਲਤਾਂ ਸੁਧਾਰਨ, ਨਿਆਂ ਇਨਸਾਫ ਗਰੀਬੀ, ਮੰਦਹਾਲੀ ਅਤੇ ਬੇਰੁਜ਼ਗਾਰੀ ਦੂਰ ਕਰਨ ਲਈ ਜੋ ਕੁਝ ਕੀਤਾ ਜਾਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ ਸਗੋਂ ਆਜ਼ਾਦੀ ਤੋਂ ਬਾਅਦ ਅਮੀਰੀ-ਗ਼ਰੀਬੀ ਦਾ ਪਾੜਾ ਵਧਦਾ ਜਾ ਰਿਹਾ ਹੈ। ਬਹੁਤ ਸਾਰੇ ਸ਼ਹਿਰੀ ਅਜੇ ਵੀ ਮੁੱਢਲੀਆਂ ਲੋੜਾਂ ਤੋਂ ਵਾਂਝੇ ਹਨ। ਅੱਜ ਦੀ ਲੋੜ ਹੈ ਕਿ ਦੇਸ਼ ਨੂੰ ਗਰੀਬ ਕਿਸਾਨਾਂ, ਨੌਜਵਾਨਾਂ ਵਲ ਖਾਸ ਧਿਆਨ ਦਿੱਤਾ ਜਾਵੇ ਅਤੇ ਵੱਧ ਤੋਂ ਵੱਧ ਉਦਯੋਗ ਸਥਾਪਿਤ ਕਰਕੇ ਪੈਦਾਵਾਰ ਵਧਾਈ ਜਾਵੇ ਅਤੇ ਹਰ ਸ਼ਹਿਰੀ ਨੂੰ ਮਿਹਨਤ ਕਰਨ ਲਈ ਪ੍ਰੇਰਿਆ ਜਾਵੇ।


**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਅੱਸੂ) 17-09-2019 (ਮੰਗਲਵਾਰ)
ਪੂਰਨਮਾਸ਼ੀ - (੨੮, ੨੯ ਭਾਦਰੋਂ) 13, 14-09-2019 (ਸ਼ੁੱਕਰ, ਸ਼ਨੀਵਾਰ)
ਮੱਸਿਆ - (੧੨ ਅੱਸੂ) 28-09-2019 (ਸ਼ਨੀਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਝਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 90 | ਅਗਸਤ - 2019



| | | |
|---|---|---|
| 1. | 'ਸਾਚਾ ਗੁਰੂ ਲਾਧੋ ਰੇ' | 4 |
| 2. | ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ | 6 |
| 3. | ॥ਜਪੁ॥ | 8 |
| 4. | ਗਿਆਨ ਸਾਗਰ ਦੇ ਸੁੱਚੇ ਮੋਤੀ | 10 |
| 5. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ | 11 |
| 6. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 12 |
| 7. | ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ | 16 |
| 8. | ਪ੍ਰਫੁੱਲਤ ਜੀਵਨ ਦਾ ਘੁਣ ਹੈ ਸ਼ਰਾਬ | 18 |
| 9. | ਵਿਗਿਆਨ ਭੰਡਾਰ | 21 |
| 10. | ਮਨੁੱਖ ਰਹਿਤ ਉਪਗ੍ਰਹਿ ਅਤੇ ਪੁਲਾੜ ਵਿਮਾਨ | 23 |
| 11. | ਸਿਹਤ ਸੰਭਾਲ | 25 |
| 12. | ਆਓ ਜਾਣੀਏ! | 26 |
| 13. | ਕਾਵਿ-ਕਿਆਰੀ | 28 |
| 14. | ਸ਼ੋਕ ਸਮਾਚਾਰ | 29 |
| 15. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਰਿਟ-ਕੰਮ-... | 30-33 |
| 16. | Importance of Education | 34 |
| 17. | Chandrayaan-2 | 35 |
| 18. | ਦਾਨੀ ਸੱਜਣਾਂ ਦੀ ਸੂਚੀ | 37 |
| 19. | ਸ਼ੋਕ ਸਮਾਚਾਰ | 39 |
| 20. | Matrimonial | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ‘ਸਾਚਾ ਗੁਰੂ ਲਾਧੋ ਰੇ’



ਗੁਰਦੁਆਰਾ ਨੌਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਤੋਂ ਰੱਖੜ ਪੁੰਨਿਆਂ ਦਾ ਇਤਿਹਾਸਕ ਦਿਹਾੜਾ ਰੱਖੜ ਪੁੰਨਿਆਂ ‘ਸਾਚਾ ਗੁਰੂ ਲਾਧੋ ਰੇ’ ਦੇ ਨਾਮ ’ਤੇ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ ਅਤੇ ਸਾਰੇ ਸੰਸਾਰ ਦੇ ਗੁਰੂ ਘਰਾਂ ਵਿਚ ਮਨਾਇਆ ਜਾ ਰਿਹਾ ਹੈ। ਰੱਖੜ ਪੁੰਨਿਆਂ ਮੌਕੇ ਬਾਬਾ ਬਕਾਲਾ ਵਿਚ ਵੱਡੀਆਂ ਸਿਆਸੀ ਕਾਨਫਰੰਸਾਂ ਕਰਕੇ ਸਿਆਸੀ ਪਾਰਟੀਆਂ ਨੇ ਆਪਣੀ-ਆਪਣੀ ਤਾਕਤ ਦਾ ਪ੍ਰਗਟਾਵਾ ਕੀਤਾ।

**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਨੂੰ ਸਮਰਪਿਤ ‘ਸਾਚਾ ਗੁਰੂ ਲਾਧੋ ਰੇ ਦਿਵਸ’ ਸਾਲਾਨਾ ਜੋੜ ਮੇਲਾ ਬੜੇ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਸਨ। ਇਤਿਹਾਸ ਦੱਸਦਾ ਹੈ ਕਿ ਕੀਰਤਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਜਦੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦਾ ਸਮਾਂ ਨੇੜੇ ਜਾਣਿਆ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ ਤੁਸੀਂ ਮਾਤਾ ਜੀ ਅਤੇ ਆਪਣੇ ਮਹਿਲਾਂ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਜਾਣਾ। ਪਿਤਾ ਦਾ ਆਦੇਸ਼ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਨਾਨਕੀ ਅਤੇ ਆਪਣੇ ਮਹਿਲ ਮਾਤਾ ਗੁਜਰੀ ਨੂੰ ਲੈ ਕੇ ਬਕਾਲੇ ਪਿੰਡ ਪਹੁੰਚ ਗਏ। ਇਥੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੋਰੇ ਵਿਚ ਬੈਠ ਕੇ ਤਪੱਸਿਆ ਆਰੰਭ ਕਰ ਦਿੱਤੀ। ਸਵੇਰੇ ਅਤੇ ਸ਼ਾਮ ਸਤਿਗੁਰੂ ਥੋੜ੍ਹੇ ਸਮੇਂ ਲਈ ਭੋਰੇ ’ਚੋਂ ਬਾਹਰ ਆਉਂਦੇ ਸਨ। ਉਹ ਬਹੁਤਾ ਸਮਾਂ ਅਕਾਲ ਪੁਰਖ ਦੇ ਚਰਨਾਂ ਵਿਚ ਲਿਵ ਜੋੜ ਕੇ ਸਿਮਰਨ ਵਿਚ ਲੀਨ ਰਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਪਵਿੱਤਰ ਅਸਥਾਨ ’ਤੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕਰਕੇ ਆਉਣ ਵਾਲੇ ਸਮੇਂ ਬਾਰੇ ਸਾਰਾ ਪ੍ਰੋਗਰਾਮ ਉਲੀਕਿਆ। ਉਧਰ ਦਿੱਲੀ ਵਿਖੇ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸੱਚਖੰਡ ਪਿਆਨਾ ਕਰਨ ਦੀ ਤਿਆਰੀ ਕੀਤੀ ਹੋਈ ਸੀ। ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਪਾਤਿਸ਼ਾਹ, ਪਹਿਲੇ ਗੁਰੂ ਜੀ ਜਦੋਂ ਚੋਲਾ ਛੱਡਦੇ ਸੀ, ਉਸੇ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ, ਆਪ ਜੀ ਕ੍ਰਿਪਾ ਕਰਕੇ ਦੱਸੋ ਸੰਗਤ ਕਿੱਥੇ ਜਾਵੇ। ਸਾਨੂੰ ਕਿਸਦੇ ਲੜ ਲਾ ਚੱਲੇ ਹੋ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵੱਲ ਦਾ ਰੁਖ਼ ਕਰਕੇ ਕਿਹਾ ਸੀ ਕਿ ‘ਬਾਬਾ ਵਸੈ ਬਕਾਲੇ’। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੇ ਬਕਾਲੇ ਨਗਰ ਵੱਲ ਰੁਖ਼ ਕੀਤਾ। ਉਧਰ ਗੁਰੂ ਦੇ ਦੋਖੀਆਂ ਨੂੰ ਜਦੋਂ ਪਤਾ ਲੱਗਾ ਕਿ ਅੱਠਵੇਂ ਪਾਤਿਸ਼ਾਹ ‘ਬਾਬੇ ਬਕਾਲੇ’ ਦਾ ਬਚਨ ਕਰਕੇ ਪ੍ਰਲੋਕ ਨੂੰ ਗਮਨ ਕਰ ਗਏ ਹਨ, ਤਾਂ ਉਨ੍ਹਾਂ ਵੀ ਜਿਨ੍ਹਾਂ ਵਿਚ ਧੀਰ ਮੱਲੀਏ, ਰਾਮ ਰਾਈਏ ਅਤੇ ਸ਼ੀਹੇਂ ਮਸੰਦ ਵਰਗੇ ਭੇਖੀ ਗੁਰੂਆਂ ਨੇ ਆ ਕੇ ਬਕਾਲੇ ਨਗਰ ਡੇਰੇ ਲਾ ਲਏ ਅਤੇ 22 ਮੰਜੀਆਂ ਭਾਵ ਕਿ ਬਾਈ ਗੁਰੂ ਬਣ ਕੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਦੋਹੇਂ ਹੱਥੀਂ ਲੁੱਟਣ ਲੱਗ

ਪਏ। ਉਧਰ ਮੱਖਣ ਸ਼ਾਹ ਲੁਬਾਣਾ, ਜੋ ਬਹੁਤ ਵੱਡਾ ਸ਼ਾਹੂਕਾਰ ਸੀ, ਬੇੜਿਆਂ ਵਿਚ ਸਾਮਾਨ ਲੱਦ ਕੇ ਦੂਸਰੇ ਦੇਸ਼ਾਂ ਨੂੰ ਭੇਜਦਾ ਸੀ, ਬੇੜੇ ਵਿਚ ਸਾਮਾਨ ਲੱਦ ਕੇ ਲੈ ਕੇ ਜਾ ਰਿਹਾ ਸੀ, ਕਿ ਉਸ ਦਾ ਜਹਾਜ਼ ਸਮੁੰਦਰ ਵਿਚ ਡੱਕੇ-ਡੋਲੇ ਖਾਣ ਲੱਗ ਪਿਆ। ਉਸ ਦੇ ਬੇੜੇ (ਜਹਾਜ਼) ਵਿਚ ਗੁਰੂ ਨਾਨਕ ਦਾ ਇਕ ਸਿੱਖ ਬੈਠਾ ਸੀ, ਕਹਿਣ ਲੱਗਾ, ਗੁਰੂ ਨਾਨਕ ਸਾਹਿਬ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਥਉ'। ਤੂੰ ਗੁਰੂ ਨਾਨਕ ਦੇ ਘਰ ਦੀ ਅਰਾਧਨਾ ਤੱਕ, ਤੇਰਾ ਬੇੜਾ ਬੰਨੇ ਲੱਗ ਜਾਵੇਗਾ। ਇਹ ਬਚਨ ਸੁਣ ਕੇ ਮੱਖਣ ਸ਼ਾਹ ਨੇ ਗਲ ਵਿਚ ਪੱਲਾ ਪਾ ਕੇ ਗੁਰੂ ਨਾਨਕ ਦੇ ਦਰ 'ਤੇ ਅਰਦਾਸ ਕੀਤੀ। ਪਾਤਿਸ਼ਾਹ ਮੇਰਾ ਬੇੜਾ ਬੰਨੇ ਲਾ ਦਿਉ ਮੈਂ ਆਪਦੇ ਦਰ 'ਤੇ ਪੰਜ ਸੌ ਮੋਹਰਾਂ ਭੇਟ ਚੜ੍ਹਾਵਾਂਗਾ। ਮੱਖਣ ਸ਼ਾਹ ਦੀ ਅਰਦਾਸ ਪ੍ਰਵਾਨ ਹੋਈ, ਬੇੜਾ ਬੰਨੇ ਲੱਗ ਗਿਆ। ਸੁੱਖੀ ਸਾਂਦੀਂ ਘਰ ਪਹੁੰਚਿਆ। ਪਤਾ ਕੀਤਾ ਗੁਰੂ ਨਾਨਕ ਦੀ ਗੱਦੀ 'ਤੇ ਇਸ ਵਕਤ ਕੌਣ ਹੈ। ਪਤਾ ਲੱਗਿਆ ਕਿ ਅੱਠਵੇਂ ਪਾਤਿਸ਼ਾਹ ਨੇ ਕਿਹਾ ਸੀ 'ਬਾਬਾ ਵਸੈ ਬਕਾਲੇ' ਮੱਖਣ ਸ਼ਾਹ ਆਪਣੇ ਸੰਗੀਆਂ-ਸਾਥੀਆਂ ਨੂੰ ਲੈ ਕੇ ਪਰਿਵਾਰ ਸਮੇਤ ਆਪਣੀ ਸੁੱਖੀ ਹੋਈ ਸੁੱਖਣਾ ਲਾਹੁਣ ਵਾਸਤੇ ਬਕਾਲੇ ਨਗਰ ਪਹੁੰਚ ਗਿਆ। ਕੀ ਦੇਖਦਾ ਹੈ ਕਿ ਇਥੇ ਬਾਈ ਮੰਜੀਆਂ ਡਾਹ ਕੇ ਬੈਠੇ ਹੋਏ ਹਨ। ਕੋਈ ਕਹਿੰਦਾ ਮੈਂ ਸੱਚਾ ਗੁਰੂ ਹਾਂ, ਕੋਈ ਕਹਿੰਦਾ ਮੈਂ ਹਾਂ, ਕੋਈ ਪਤਾ ਨਹੀਂ ਸੀ ਲੱਗਦਾ, ਭੰਬਲ-ਭੂਸਾ ਪਿਆ ਹੋਇਆ ਸੀ। ਭੋਲੀ-ਭਾਲੀ ਸੰਗਤ ਨੂੰ ਇਹ ਦੰਭੀ ਪਖੰਡੀ ਲੁੱਟੀ ਜਾ ਰਹੇ ਸਨ। ਮੱਖਣ ਸ਼ਾਹ ਨੇ ਸੋਚਿਆ ਕੋਈ ਤਰਕੀਬ ਲੜਾਈ ਜਾਵੇ। ਵਪਾਰੀ ਪੁੱਤ ਸੀ, ਮਨ ਵਿਚ ਆਈ ਕਿ ਸਾਰਿਆਂ ਨੂੰ ਪੰਜ-ਪੰਜ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਨਾਂ ਹਾਂ, ਜਿਹੜਾ ਸੱਚਾ ਹੋਵੇਗਾ ਆਪੇ ਪੰਜ ਸੌ ਮੋਹਰਾਂ ਮੰਗ ਲਵੇਗਾ। ਸੋ, ਇਸੇ ਤਰ੍ਹਾਂ ਹੀ ਕੀਤਾ, ਪਰ ਮੱਖਣ ਸ਼ਾਹ ਵਲੋਂ ਸੁੱਖੀ ਹੋਈ ਸੁੱਖਣਾ ਕਿਸੇ ਨੇ ਵੀ ਨਾ ਮੰਗੀ। ਹਾਰ ਕੇ ਮੱਖਣ ਸ਼ਾਹ ਨੇ ਉਥੇ ਪੁੱਛਿਆ ਕਿ ਇਨ੍ਹਾਂ ਤੋਂ ਬਿਨਾਂ ਇਥੇ ਕੋਈ ਹੋਰ ਵੀ ਗੁਰੂ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਤੇਗ ਬਹਾਦਰ ਵੀ ਹਨ, ਪਰ ਉਹ ਜ਼ਿਆਦਾ ਸਮਾਂ ਭੋਰੇ ਵਿਚ ਹੀ ਰਹਿੰਦੇ ਹਨ ਤੇ ਬਾਹਰ ਘੱਟ ਹੀ ਨਿਕਲਦੇ ਹਨ। ਉਨ੍ਹਾਂ ਤੋਂ ਟਿਕਾਣਾ ਪੁੱਛਿਆ। ਆ ਕੇ ਮਾਤਾ ਨਾਨਕੀ ਨੂੰ ਬੇਨਤੀ ਕੀਤੀ ਕਿ ਮੈਂ ਬਹੁਤ ਦੂਰੋਂ ਆਇਆ ਹਾਂ, ਤੇਗ ਬਹਾਦਰ ਦੇ ਦਰਸ਼ਨ ਕਰਨੇ ਹਨ। ਮਾਤਾ ਜੀ ਨੇ ਗੁਰੂ ਜੀ ਤੋਂ ਆਗਿਆ ਲੈ ਕੇ ਮੱਖਣ ਸ਼ਾਹ ਨੂੰ ਜਦੋਂ ਗੁਰੂ ਜੀ ਦੇ ਦਰਸ਼ਨ ਕਰਵਾਏ ਤਾਂ ਸਤਿਗੁਰੂ ਜੀ ਦਾ ਨੂਰਾਨੀ ਚੇਹਰਾ ਦੇਖ ਕੇ ਮਨ ਨੂੰ ਧਰਵਾਸ ਬੱਝਿਆ। ਪੰਜ ਮੋਹਰਾਂ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲੱਗੇ, ਮੱਖਣ ਸ਼ਾਹ ਗੁਰੂ ਘਰ ਮਾਇਆ ਦੀ ਕੋਈ ਘਾਟ ਨਹੀਂ ਹੈ, ਪਰ ਗੁਰਸਿੱਖਾ ਜਿਹੜਾ ਵਾਅਦਾ ਕਰੀਏ, ਉਹ ਪੂਰਾ ਨਿਭਾਈਦਾ ਹੈ। ਇਹ ਬਚਨ ਸੁਣ ਕੇ ਮੱਖਣ ਸ਼ਾਹ ਗਦ-ਗਦ ਹੋ ਗਿਆ। ਕਹਿਣ ਲੱਗਾ ਸਤਿਗੁਰੂ ਆਪ ਜੀ ਭੋਰੇ ਵਿਚ ਲੁਕ ਕੇ ਬੈਠੇ ਹੋ, ਉਧਰ ਪਖੰਡੀ ਗੁਰੂ ਭੋਲੀ-ਭਾਲੀ ਸੰਗਤ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ। ਕ੍ਰਿਪਾ ਕਰੋ ਸਤਿਗੁਰੂ ਜੀ ਪ੍ਰਗਟ ਹੋਵੋ। ਸੰਗਤਾਂ ਨੂੰ ਤਾਰੋ। ਮੱਖਣ ਸ਼ਾਹ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ 'ਸਾਚਾ ਗੁਰੂ ਲਾਧੋ ਰੇ' 'ਸਾਚਾ ਗੁਰੂ ਲਾਧੋ ਰੇ' ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ। ਆਪੇ ਬਣੇ ਝੂਠੇ ਗੁਰੂਆਂ ਨੂੰ ਭੱਜਣ ਦਾ ਰਾਹ ਨਾ ਲੱਭਾ। ਸੰਗਤਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਉਸ ਪਵਿੱਤਰ ਯਾਦ ਨੂੰ ਸਮਰਪਿਤ ਹੀ ਬਾਬਾ ਬਕਾਲਾ ਸਾਹਿਬ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਐਤਕੀਂ ਵੀ ਇਹ ਦਿਹਾੜਾ 25-26-27 ਅਗਸਤ ਨੂੰ ਗੁ: ਨੌਂਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਪਹਿਲਾਂ ਇਸ ਮੇਲੇ ਨੂੰ ਬਤੌਰ ਰੱਖੜ ਪੁੰਨਿਆਂ ਦੇ ਤੌਰ 'ਤੇ ਮਨਾਇਆ ਜਾਂਦਾ ਸੀ, ਪਰ ਰੱਖੜੀ ਦਾ ਕਿਤੇ ਵੀ ਸਿੱਖ ਇਤਿਹਾਸ ਜਾਂ ਬਾਬਾ ਬਕਾਲਾ ਸਾਹਿਬ ਨਾਲ ਕਿਸੇ ਵੀ ਤਰ੍ਹਾਂ ਇਤਿਹਾਸ ਨਹੀਂ ਜੁੜਿਆ। ਸੋ ਸ਼੍ਰੋਮਣੀ ਕਮੇਟੀ ਅਤੇ ਸੰਗਤਾਂ ਵਲੋਂ ਹੁਣ ਇਸ ਨੂੰ 'ਸਾਚਾ ਗੁਰੂ ਲਾਧੋ ਰੇ' ਦਿਵਸ ਦੇ ਤੌਰ 'ਤੇ ਮਨਾਇਆ ਜਾਣ ਲੱਗ ਪਿਆ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸੰਬੰਧੀ ਪਹਿਲੇ ਅੰਤਰਰਾਸ਼ਟਰੀ ਨਗਰ ਕੀਰਤਨ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਅਦਾਰਾ 'ਲੁਬਾਣਾ ਸੇਵਕ' ਵੱਲੋਂ ਲੱਖ-ਲੱਖ ਮੁਬਾਰਕਾਂ



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸੰਬੰਧੀ ਪਹਿਲੇ ਅੰਤਰਰਾਸ਼ਟਰੀ ਨਗਰ ਕੀਰਤਨ ਜੋ ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਚੱਲ ਕੇ ਹਿੰਦੁਸਤਾਨ ਦੇ ਵੱਖ-ਵੱਖ ਸ਼ਹਿਰਾਂ ਅਤੇ ਪੰਜ ਤਖ਼ਤ ਸਾਹਿਬਾਨਾਂ ਦੇ ਦਰਸ਼ਨ ਕਰਕੇ ਸੁਲਤਾਨਪੁਰ ਲੋਧੀ ਵਿਖੇ ਲਗਭਗ ਤਿੰਨ ਮਹੀਨੇ ਬਾਅਦ ਪਹੁੰਚੇਗਾ। ਭਾਰਤ-ਪਾਕਿਸਤਾਨ ਸਰਹੱਦ 'ਤੇ ਤਕਰੀਬਨ 4 ਵਜੇ ਜਦੋਂ ਨਗਰ ਕੀਰਤਨ ਪਹੁੰਚਿਆ ਤਾਂ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਨਾਲ ਪੈਦਲ ਯਾਤਰਾ ਕਰ ਰਹੇ ਹੋਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਵੱਲੋਂ ਵੀ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਵਧੀਆ ਪ੍ਰਬੰਧ ਕੀਤੇ ਹੋਏ ਸਨ। ਲੱਖਾਂ ਦੀ ਗਿਣਤੀ ਵਿਚ ਸੰਗਤਾਂ ਵਰਦੇ ਮੀਂਹ ਵਿਚ 29 ਕਿਲੋਮੀਟਰ ਦਾ ਸਫ਼ਰ 14 ਘੰਟਿਆਂ ਵਿਚ ਤੈਅ ਕਰਕੇ ਸਭ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਨਗਰ ਕੀਰਤਨ 'ਤੇ ਹਵਾਈ ਜਹਾਜ਼ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ। ਇੰਦਰ ਦੇਵਤਾ ਵਰਖਾ ਕਰ ਰਿਹਾ ਸੀ। ਇਕ ਅਲੌਕਿਕ ਹੀ ਨਜ਼ਾਰਾ ਨਜ਼ਰ ਆ ਰਿਹਾ ਸੀ।

ਅੰਤਰਰਾਸ਼ਟਰੀ ਨਗਰ ਕੀਰਤਨ ਜਦੋਂ ਵੀ ਅਗਲੇ ਪੜਾਅ ਲਈ ਗੁਰੂ ਘਰ ਦੀ ਪਾਲਕੀ ਸਾਹਿਬ ਅਤੇ ਸ਼ਸ਼ਤਰ ਲੈ ਕੇ ਰਵਾਨਾ ਹੁੰਦਾ ਹੈ ਤਾਂ ਜੈਕਾਰਿਆਂ ਦੀ ਗੂੰਜ, ਆਤਿਸ਼ਬਾਜ਼ੀ, ਫੁੱਲਾਂ ਦੀ ਵਰਖਾ ਸਮੇਂ ਸੰਗਤਾਂ ਦਾ ਪਿਆਰ, ਸਤਿਕਾਰ ਅਤੇ ਉਤਸ਼ਾਹ ਦੇਖਣਯੋਗ ਹੁੰਦਾ ਹੈ।

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ, ਚੂਨੀ ਮੰਡੀ, ਲਾਹੌਰ।

## ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ (ਲਾਹੌਰ)

ਇਹ ਉਹ ਪਾਵਨ ਪਵਿੱਤਰ ਇਤਿਹਾਸਕ ਅਸਥਾਨ ਹੈ, ਜਿਥੇ 25 ਅੱਸੂ ਸੰਮਤ 1591 (24 ਸਤੰਬਰ, 1534 ਈ.) ਨੂੰ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼, ਸੋਢੀ ਹਰਦਾਸ ਜੀ ਦੇ ਘਰ, ਮਾਤਾ ਦਯਾ ਕੌਰ ਦੀ ਕੁੱਖੋਂ ਤੋਂ ਹੋਇਆ। ਸਤਿਗੁਰੂ ਜੀ ਨੇ ਉਮਰ ਦੇ ਪਹਿਲੇ 7 ਸਾਲ ਇਥੇ ਹੀ ਗੁਜ਼ਾਰੇ। ਇਹ ਅਸਥਾਨ ਦਿੱਲੀ ਦਰਵਾਜ਼ੇ ਅੰਦਰ, ਪੁਰਾਣੀ, ਕੋਤਵਾਲੀ ਦੇ ਚੌਂਕ ਪਾਸ ਚੂਨੀ ਮੰਡੀ ਵਿਚ ਹੈ। ਗੁਰੂ ਜੀ ਦਾ ਪਿਤਾ-ਪੁਰਖੀ ਮਕਾਨ ਬਹੁਤ ਹੀ ਛੋਟਾ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ 'ਨਕੈਣ' ਨੇ ਆਪਣੇ ਸਪੁੱਤਰ ਖੜਕ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਇਸ ਯਾਦਗਾਰੀ ਅਸਥਾਨ 'ਤੇ ਨਵੀਂ ਇਮਾਰਤ ਬਨਾਉਣ ਦੀ ਇੱਛਾ ਪਰਗਟ ਕੀਤੀ। ਮਹਾਰਾਜੇ ਨੇ ਮਹਾਰਾਣੀ ਦੀ ਇੱਛਾ ਪੂਰਤੀ ਲਈ ਚੁਫ਼ੇਰੇ ਕਾਜ਼ੀਆਂ ਦੇ ਮਕਾਨ ਖਰੀਦ ਕਰ ਲਏ ਅਤੇ 122'-6"×97'-6" ਆਕਾਰ ਦੀ ਵਿਸ਼ਾਲ ਇਮਾਰਤ ਦਾ ਨਿਰਮਾਣ ਕਰਵਾਇਆ। ਇਸ ਗੁਰਦੁਆਰੇ ਦਾ ਨਕਸ਼ਾ ਸ੍ਰੀ ਹਰਿਮੰਦਰ ਸਾਹਿਬ ਨਾਲ ਰਲਦਾ-ਮਿਲਦਾ ਹੈ। ਪੱਛਮ ਵੱਲ ਖੁੱਲ੍ਹਾ ਵਿਹੜਾ ਹੈ। ਨਿਸ਼ਾਨ ਸਾਹਿਬ ਦੱਖਣ-ਪੱਛਮ ਕੋਨੇ ਵਿਚ ਹੈ।

ਸਿੰਘ ਸਭਾ ਲਹਿਰ ਦਾ ਆਰੰਭ ਇਸ ਅਸਥਾਨ ਤੋਂ ਹੀ ਹੋਇਆ ਸੀ। 1927 ਈ. ਗੁਰਦੁਆਰਾ ਐਕਟ ਅਨੁਸਾਰ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਾਸ ਆ ਗਿਆ। ਨਿੱਤ ਸੁਬ੍ਹਾ-ਸ਼ਾਮ ਦੀਵਾਨ ਸਜਦੇ, ਸੰਗਤਾਂ ਗੁਰੂ-ਚਰਨਾਂ ਦੀ ਛੋਟ ਪ੍ਰਾਪਤ ਕਰ ਜਨਮ ਸਫਲ ਕਰਦੀਆਂ। ਪੰਜਾਬ ਦੀ ਵੰਡ ਸਮੇਂ ਇਥੇ 18 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

## ਗੁਰਦੁਆਰਾ ਦੀਵਾਨ ਖ਼ਾਨਾ (ਲਾਹੌਰ)

ਇਹ ਗੁਰਦੁਆਰਾ ਚੂਨੀ ਮੰਡੀ ਚੌਂਕ ਦੇ ਪਾਸ, ਸਤਿਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੇ ਨਜ਼ਦੀਕ ਹੀ ਹੈ। ਗੁਰੂ ਰਾਮਦਾਸ ਜੀ ਦੇ ਵੱਡੇ-ਵਡੇਰੇ ਸਭ ਲਾਹੌਰ ਦੇ ਹੀ ਰਹਿਣ ਵਾਲੇ ਸਨ। ਗੁਰੂ ਰਾਮਦਾਸ ਜੀ ਆਪਣੇ ਭਰਾਤਾ ਸਹਾਰੀ ਮੱਲ ਦੇ ਲੜਕੇ ਦੀ ਸ਼ਾਦੀ ਵਿਚ ਆਪ ਤਾਂ ਸ਼ਾਮਲ ਨਾ ਹੋ ਸਕੇ, ਪਰ (ਗੁਰੂ) ਅਰਜਨ ਦੇਵ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਆਪਣੇ ਤਾਏ ਪਾਸ ਲਾਹੌਰ ਜਾਓ ਅਤੇ ਤਦ ਤੱਕ ਨਹੀਂ ਆਉਣਾ, ਜਦ ਤੱਕ ਅਸੀਂ ਬੁਲਾਵਾ ਨਹੀਂ ਭੇਜਦੇ। ਵਿਆਹ ਤੋਂ ਪਿਛੋਂ ਕਾਫ਼ੀ ਸਮਾਂ ਬੀਤ ਗਿਆ, ਪਰ ਗੁਰੂ-ਪਿਤਾ ਵੱਲੋਂ ਕੋਈ ਬੁਲਾਵਾ ਨਾ ਆਇਆ। ਗੁਰੂ ਅਰਜਨ ਦੇਵ ਜੀ ਨੇ ਇਸ ਅਸਥਾਨ ਤੋਂ ਗੁਰੂ-ਪਿਤਾ ਵੱਲ ਤਿੰਨ ਪੱਤਰ ਲਿਖੇ, ਜਿਨ੍ਹਾਂ ਵਿਚ ਦਰਸ਼ਨਾਂ ਦੀ ਤਾਂਘ ਪ੍ਰਗਟ ਕੀਤੀ। ਪਹਿਲੇ ਦੋ ਪੱਤਰ ਤਾਂ ਬਾਬਾ ਪ੍ਰਿਥੀ ਚੰਦ



ਦੀਵਾਨਖ਼ਾਨਾ ਗੁਰੂ ਰਾਮਦਾਸ ਜੀ, ਲਾਹੌਰ।

ਦੇ ਹੱਥ ਆਉਣ ਕਰਕੇ ਗੁਰੂ-ਪਿਤਾ ਪਾਸ ਪਹੁੰਚੇ ਹੀ ਨਾ। ਤੀਸਰਾ ਪੱਤਰ ਪਹੁੰਚ ਗਿਆ, ਜਿਸ ਵਿਚ ਪਹਿਲ ਦੋ ਪੱਤਰਾਂ ਬਾਰੇ ਵੀ ਲਿਖਿਆ ਹੋਇਆ ਸੀ। ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਬੁਲਾ ਲਿਆ। ਇਸ ਯਾਦਗਾਰੀ ਪਾਵਨ ਅਸਥਾਨ 'ਤੇ ਵੀ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਇਮਾਰਤ ਦਾ ਨਿਰਮਾਣ ਕਰਵਾਇਆ, ਜੋ ਲਾਹੌਰ ਦੀ ਕਾਰਪੋਰੇਸ਼ਨ ਦੇ ਕਾਰਡ ਨੰਬਰ ਐਨ-2143 ਅਧੀਨ ਦਰਜ ਹੈ। ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਲਈ ਸੰਗਤਾਂ ਇਥੋਂ ਪੈਦਲ ਚੱਲ ਕੇ ਨਨਕਾਣਾ ਸਾਹਿਬ ਪਹੁੰਚਦੀਆਂ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ 1927 ਈ. ਵਿਚ ਆਇਆ।

## ਧਰਮਸ਼ਾਲਾ ਸ੍ਰੀ ਗੁਰੂ ਰਾਮਦਾਸ ਜੀ (ਲਾਹੌਰ)

ਸ੍ਰੀ ਗੁਰੂ ਰਾਮਦਾਸ ਜੀ ਦੀ ਸੰਸਾਰ-ਫੇਰੀ ਨਾਲ ਸਬੰਧਤ ਇਹ ਅਸਥਾਨ 'ਗੁਰਦੁਆਰਾ ਦੀਵਾਨਖ਼ਾਨਾ' ਚੂਨੀ ਮੰਡੀ ਵਿਚ ਹੀ ਹੈ। ਇਥੇ ਹੀ ਗੁਰੂ ਰਾਮਦਾਸ ਜੀ ਦੇ ਵਡੇਰੇ ਵਪਾਰ ਕਰਦੇ ਸਨ। ਗੁਰੂ ਅਰਜਨ ਦਵ ਜੀ ਜਦ ਆਪਣੇ ਤਾਏ ਭਾਈ ਸਹਾਰੀ ਮੱਲ ਦੇ ਲੜਕੇ ਦੇ ਵਿਆਹ ਲਾਹੌਰ ਆਏ ਤਾਂ ਇਥੇ ਹੀ ਠਹਿਰੇ ਸਨ। ਇਹ ਧਰਮਸ਼ਾਲਾ ਬਾਅਦ ਵਿਚ ਗੁਰਦੁਆਰਾ ਦੀਵਾਨਖ਼ਾਨਾ ਵਿਚ ਹੀ ਮਿਲਾ ਦਿੱਤੀ ਗਈ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ॥ ਜਪੁ ॥

ਪ੍ਰੋ. ਸਾਹਿਬ ਸਿੰਘ

ਇਸ ਸਾਰੀ ਬਾਣੀ ਦਾ ਨਾਮ 'ਜਪੁ' ਹੈ।

**ਆਦਿ ਸਚੁ ਜੁਗਾਦਿ ਸਚੁ ॥**

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

**ਪਦ ਅਰਥ** : ਆਦਿ—ਮੁੱਢ ਤੋਂ। ਸਚੁ—ਹੋਂਦ ਵਾਲਾ ਸ਼ਬਦ, 'ਸਚੁ' ਸੰਸਕ੍ਰਿਤ ਦੇ 'ਸਤਜ' ਦਾ ਪ੍ਰਾਕ੍ਰਿਤ ਹੈ, ਜਿਸ ਦਾ ਧਾਤੂ 'ਅਸ' ਹੈ। 'ਅਸ' ਦਾ ਅਰਥ ਹੈ 'ਹੋਣਾ'। ਜੁਗਾਦਿ—ਜੁਗਾਂ ਦੇ ਮੁੱਢ ਤੋਂ। ਹੈ-ਭਾਵ, ਇਸ ਵੇਲੇ ਭੀ ਹੈ। ਨਾਨਕ—ਹੇ ਨਾਨਕ! ਹੋਸੀ—ਹੋਵੇਗਾ, ਰਹੇਗਾ।੧।

**ਅਰਥ** : ਹੇ ਨਾਨਕ! ਅਕਾਲ ਪੁਰਖ ਮੁੱਢ ਤੋਂ ਹੋਂਦ ਵਾਲਾ ਹੈ, ਜੁਗਾਂ ਦੇ ਮੁੱਢ ਤੋਂ ਮੌਜੂਦ ਹੈ। ਇਸ ਵੇਲੇ ਵੀ ਮੌਜੂਦ ਹੈ ਤੇ ਅਗਾਂਹ ਨੂੰ ਭੀ ਹੋਂਦ ਵਾਲਾ ਰਹੇਗਾ।੧।

ਨੋਟ : ਇਹ ਸਲੋਕ ਮੰਗਲਾਚਰਨ ਵਜੋਂ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ਼ਟ ਦਾ ਸਰੂਪ ਬਿਆਨ ਕੀਤਾ ਹੈ, ਜਿਸ ਦਾ ਜਪ-ਸਿਮਰਨ ਕਰਨ ਦਾ ਉਪਦੇਸ਼ ਇਸ ਸਾਰੀ ਬਾਣੀ 'ਜਪੁ' ਵਿਚ ਕੀਤਾ ਗਿਆ ਹੈ।

ਇਸ ਤੋਂ ਅਗਾਂਹ ਬਾਣੀ 'ਜਪੁ' ਦਾ ਮਜ਼ਮੂਨ ਸ਼ੁਰੂ ਹੁੰਦਾ ਹੈ।

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥**

**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥**

**ਪਦ ਅਰਥ** : ਸੋਚੈ—ਸੁਚਿ ਰੱਖਣ ਨਾਲ, ਪਵਿੱਤਰਤਾ ਕਾਇਮ ਰੱਖਣ ਨਾਲ। ਸੋਚਿ—ਸੁਚਿ, ਪਵਿੱਤਰਤਾ, ਸੁੱਚ। ਨ ਹੋਵਈ—ਨਹੀਂ ਹੋ ਸਕਦੀ। ਸੋਚੀ—ਮੈਂ ਸੁੱਚ ਰੱਖਾਂ। ਚੁਪੈ—ਚੁੱਪ ਕਰ ਰਹਿਣ ਨਾਲ। ਚੁਪ-ਸ਼ਾਂਤੀ, ਮਨ ਦੀ ਚੁੱਪ, ਮਨ ਦਾ ਟਿਕਾਉ। ਲਾਇ ਰਹਾ—ਮੈਂ ਲਾਈ ਰੱਖਾਂ। ਲਿਵ ਤਾਰ—ਲਿਵ ਦੀ ਤਾਰ, ਲਿਵ ਦੀ ਡੋਰ, ਇਕ-ਤਾਰ ਸਮਾਧੀ।

**ਨੋਟ** : ਇਸ ਪਉੜੀ ਦੀ ਪੰਜਵੀਂ ਤੁਕ ਪੜ੍ਹਿਆਂ ਇਹ ਪਤਾ ਲੱਗਦਾ ਹੈ ਕਿ ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਮਨ ਨੂੰ 'ਸਚਿਆਰਾ' ਕਰਨ ਦਾ ਤਰੀਕਾ ਦੱਸ ਰਹੇ ਹਨ। ਸਭ ਤੋਂ ਪਹਿਲਾਂ ਉਹਨਾਂ ਸਾਧਨਾਂ ਦਾ ਜ਼ਿਕਰ ਕਰਦੇ ਹਨ ਜੋ ਹੋਰ ਲੋਕ ਵਰਤ ਰਹੇ ਹਨ। ਤੀਰਥਾਂ ਦੇ ਇਸ਼ਨਾਨ, ਜੰਗਲਾਂ ਵਿਚ ਜਾ ਕੇ ਸਮਾਧੀ ਲਾਉਣੀ, ਮਨ ਨੂੰ ਮਾਇਆ ਵਿਚ ਪਹਿਲਾਂ ਰਜਾ ਲੈਣਾ, ਸ਼ਾਸਤ੍ਰਾਂ ਦੀ ਫ਼ਿਲਾਸਫ਼ੀ—ਇਹ ਆਮ ਪਰਚਲਤ ਤਰੀਕੇ ਸਨ। ਪਰ ਸਤਿਗੁਰੂ ਜੀ ਇਹਨਾਂ ਤੋਂ ਵੱਖਰਾ ਉਹ ਸਾਧਨ ਦੱਸਦੇ ਹਨ, ਜਿਸ ਨੂੰ ਗੁਰਸਿੱਖੀ ਦਾ ਮੁੱਢਲਾ ਨਿਯਮ ਸਮਝ ਲੈਣਾ ਚਾਹੀਦਾ ਹੈ, ਭਾਵ, ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨਾ।

ਪਹਿਲੀਆਂ ਚਹੁੰਆਂ ਤੁਕਾਂ ਦੇ ਠੀਕ ਅਰਥ ਸਮਝਣ ਲਈ ਪੰਜਵੀਂ ਤੁਕ ਵੱਲ ਖ਼ਾਸ ਧਿਆਨ ਦੇਣਾ ਜ਼ਰੂਰੀ ਹੈ : "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਇਸ ਤੁਕ ਨੂੰ ਪਹਿਲੀ ਹਰੇਕ ਤੁਕ ਦੇ ਨਾਲ ਪੜ੍ਹਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲੀ ਹਰੇਕ ਤੁਕ ਵਿਚ 'ਮਨ' ਦਾ ਹੀ ਜ਼ਿਕਰ ਹੈ। ਪਹਿਲੀ ਤੁਕ ਵਿਚ 'ਮਨ ਦੀ ਸੁੱਚ', ਦੂਜੀ ਵਿਚ 'ਮਨ ਦੀ ਚੁੱਪ', ਤੀਜੀ ਵਿਚ 'ਮਨ ਦੀ ਭੁੱਖ' ਅਤੇ ਚੌਥੀ ਵਿਚ 'ਮਨ ਦੀ ਸਿਆਣਪ' ਦਾ ਹਾਲ ਦੱਸਿਆ ਹੈ।

(ਪ੍ਰ:) ਲਫ਼ਜ਼ 'ਸੋਚਿ' ਦੇ ਅਰਥ 'ਸੁੱਚ' ਕਿਉਂ ਕੀਤੇ ਗਏ ਹਨ?

(ਉ:) ਮਨ ਦੀਆਂ ਸੋਚਾਂ ਤੇ ਸਿਆਣਪਾਂ ਨੂੰ ਤਾਂ ਚੌਥੀ ਤੁਕ ਵਿਚ ਵਰਣਨ ਕਰ ਦਿੱਤਾ ਗਿਆ ਹੈ, ਇਸ ਵਾਸਤੇ ਪਹਿਲੀ ਤੁਕ ਵਿਚ ਕੁਝ ਹੋਰ ਖ਼ਿਆਲ ਹੈ, ਜੋ ਹੇਠਲੀਆਂ ਤੁਕਾਂ ਗਹੁ ਨਾਲ ਪੜ੍ਹਿਆਂ ਸਪੱਸ਼ਟ ਹੋ ਜਾਂਦਾ ਹੈ :

(1) **ਕਹੁ ਨਾਨਕ ਸਚੁ ਧਿਆਈਐ ॥**

**ਸੁਚਿ ਹੋਵੈ ਤਾ, ਸਚੁ ਪਾਈਐ ॥੨॥੧੯॥ (ਆਸਾ ਦੀ ਵਾਰ, ਪੰਨਾ ੪੭੨)**

(2) **ਸੋਚ ਕਰੈ ਦਿਨਸੁ ਅਰੁ ਰਾਤਿ ॥**

**ਮਨ ਕੀ ਮੈਲੁ ਨ ਤਨ ਤੇ ਜਾਤਿ ॥੩॥੩॥**

**(ਸੁਖਮਨੀ, ਪੰਨਾ ੨੬੫)**

(3) **ਨਾ ਸੁਚਿ ਸੰਜਮੁ ਤੁਲਸੀ ਮਾਲਾ ॥**

**ਗੋਪੀ ਕਾਨੁ ਨ ਗਊ ਗੁੋਆਲਾ ॥**

**ਤੰਤੁ ਮੰਤੁ ਪਾਖੰਡੁ ਨ ਕੋਈ, ਨਾ ਕੋ ਵੰਸੁ ਵਜਾਇਦਾ ॥੭॥**

**(ਮਾਰੂ ਮ:੧, ਪੰਨਾ ੧੦੩੫)**

'ਸੋਚ' ਦਾ ਅਰਥ ਹੈ 'ਇਸ਼ਨਾਨ', ਅਤੇ 'ਸੁਚਿ' ਦਾ ਅਰਥ ਹੈ 'ਪਵਿੱਤਰਤਾ'। ਇਹਨਾਂ ਹੀ ਦੋ ਸ਼ਬਦਾਂ ਦੀ ਮਿਲਾਵਟ ਦਾ ਸ਼ਬਦ ਹੈ 'ਸੋਚਿ', ਜਿਸ ਦਾ ਅਰਥ ਹੈ ਸੁੱਚ, ਪਵਿੱਤਰਤਾ, ਇਸ਼ਨਾਨ। ਸ਼ਬਦ 'ਸੁਚਿ' ਇਸਤ੍ਰੀ-ਲਿੰਗ ਹੈ। ਸੰਸਕ੍ਰਿਤ ਵਿਚ ਭੀ ਇਹ ਇਸੇ ਹੀ ਸ਼ਕਲ ਵਿਚ ਹੈ। ਜਿਵੇਂ ਸ਼ਬਦ 'ਮਨ' ਤੋਂ 'ਮਨਿ' ਬਣਿਆ ਹੈ, ਜਿਸ ਦਾ ਅਰਥ ਹੈ 'ਮਨ ਵਿਚ', ਇਸ ਤਰ੍ਹਾਂ 'ਸੋਚ' ਤੋਂ 'ਸੋਚਿ' ਨਹੀਂ ਬਣ ਸਕਦਾ,

ਕਿਉਂਕਿ ਲਫ਼ਜ਼ 'ਮਨੁ' ਪੁਲਿੰਗ ਹੈ ਤੇ 'ਸੋਚ' (ਜਿਸ ਦਾ ਅਰਥ 'ਵਿਚਾਰ' ਹੈ) ਇਸਤ੍ਰੀ-ਲਿੰਗ ਹੈ। 'ਸੋ' ਸ਼ਬਦ 'ਸੋਚਿ' ਅਧਿਕਰਨ ਕਾਰਕ ਦੀ ( ਿ) ਤੋਂ ਬਿਨਾਂ ਹੀ ਅਸਲ ਸਰੂਪ ਵਾਲਾ ਸੰਸਕ੍ਰਿਤ ਦਾ ਹੀ ਲਫ਼ਜ਼ 'ਸੁਚਿ' ਹੈ; ਜਿਸ ਦਾ ਅਰਥ ਹੈ 'ਪਵਿੱਤਰਤਾ'।

**ਅਰਥ** : ਜੇ ਮੈਂ ਲੱਖ ਵਾਰੀ (ਭੀ) (ਇਸ਼ਨਾਨ ਆਦਿਕ ਨਾਲ ਸਰੀਰ ਦੀ) ਸੁੱਚ ਰੱਖਾਂ, (ਤਾਂ ਭੀ ਇਸ ਤਰ੍ਹਾਂ) ਸੁੱਚ ਰੱਖਣ ਨਾਲ (ਮਨ ਦੀ) ਸੁੱਚ ਨਹੀਂ ਰਹਿ ਸਕਦੀ। ਜੇ ਮੈਂ (ਸਰੀਰ ਦੀ) ਇਕ-ਤਾਰ ਸਮਾਧੀ ਲਾਈ ਰੱਖਾਂ, (ਤਾਂ ਭੀ ਇਸ ਤਰ੍ਹਾਂ) ਚੁੱਪ ਕਰ ਰਹਿਣ ਨਾਲ ਮਨ ਦੀ ਸ਼ਾਂਤੀ ਨਹੀਂ ਹੋ ਸਕਦੀ।

**ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥**

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥**

**ਪਦ ਅਰਥ** : ਭੁਖ—ਤ੍ਰਿਸ਼ਨਾ, ਲਾਲਚ। ਭੁਖਿਆ—ਤ੍ਰਿਸ਼ਨਾ ਦੇ ਅਧੀਨ ਰਿਹਾਂ। ਨ ਉਤਰੀ—ਦੂਰੀ ਨਹੀਂ ਹੋ ਸਕਦੀ। ਬੰਨਾ—ਬੰਨ੍ਹ ਲਵਾਂ, ਸਾਂਭ ਲਵਾਂ। ਪੁਰੀ—ਲੋਕ, ਭਵਣ। ਪੁਰੀਆ ਭਾਰ—ਸਾਰੇ ਲੋਕਾਂ ਦੇ ਭਾਰ। ਭਾਰ—ਪਦਾਰਥਾਂ ਦੇ ਸਮੂਹ। ਸਹਸ—ਹਜ਼ਾਰਾਂ। ਸਿਆਣਪਾ—ਚਤੁਰਾਈਆਂ। ਹੋਹਿ—ਹੋਵਣ। ਇਕ-ਇਕ ਭੀ ਚਤੁਰਾਈ।

**ਅਰਥ** : ਜੇ ਮੈਂ ਸਾਰੇ ਭਵਣਾਂ ਦੇ ਪਦਾਰਥਾਂ ਦੇ ਢੇਰ (ਭੀ) ਸਾਂਭ ਲਵਾਂ, ਤਾਂ ਭੀ ਤ੍ਰਿਸ਼ਨਾ ਦੇ ਅਧੀਨ ਰਿਹਾਂ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ। ਜੇ (ਮੇਰੇ ਵਿਚ) ਹਜ਼ਾਰਾਂ ਤੇ ਲੱਖਾਂ ਚਤੁਰਾਈਆਂ ਹੋਵਣ, (ਤਾਂ ਭੀ ਉਹਨਾਂ ਵਿਚੋਂ) ਇਕ ਭੀ ਚਤੁਰਾਈ ਸਾਥ ਨਹੀਂ ਦੇਂਦੀ।

**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥**

**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥**

**ਪਦ ਅਰਥ : ਕਿਵ**—ਕਿਸ ਤਰ੍ਹਾਂ? ਹੋਈਐ—ਹੋ ਸਕਦੀ ਹੈ। ਕੂੜੈ ਪਾਲਿ—ਕੂੜ ਦੀ ਪਾਲਿ, ਕੂੜ ਦੀ ਕੰਧ, ਕੂੜ ਦਾ ਪਰਦਾ। ਸਚਿਆਰਾ—(ਸਚ ਆਲਯ) ਸੱਚ ਦਾ ਘਰ, ਸੱਚ ਦੇ ਪਰਕਾਸ਼ ਹੋਣ ਲਈ ਯੋਗ। ਹੁਕਮਿ—ਹੁਕਮ ਵਿਚ। ਰਜਾਈ—ਰਜ਼ਾ ਵਾਲਾ, ਅਕਾਲ ਪੁਰਖ। ਨਾਲਿ—ਜੀਵ ਦੇ ਨਾਲ ਹੀ, ਧੁਰ ਤੋਂ ਹੀ, ਜਦ ਤੋਂ ਜਗਤ ਬਣਿਆ ਹੈ।

**ਅਰਥ** : (ਤਾਂ ਫਿਰ) ਅਕਾਲ ਪੁਰਖ ਦਾ ਪ੍ਰਕਾਸ਼ ਹੋਣ ਲਈ ਯੋਗ ਕਿਵੇਂ ਬਣ ਸਕੀਦਾ ਹੈ (ਅਤੇ ਸਾਡੇ ਅੰਦਰ ਦਾ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ? ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ— (ਇਹੀ ਇਕ ਵਿਧੀ ਹੈ)। ਹੇ ਨਾਨਕ !(ਇਹੀ ਵਿਧੀ) ਧੁਰ ਤੋਂ ਹੀ, ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ।੧।

**ਭਾਵ** : ਪ੍ਰਭੂ ਨਾਲੋਂ ਜੀਵ ਦੀ ਵਿੱਥ ਮਿਟਾਣ ਦਾ ਇਕੋ ਹੀ ਤਰੀਕਾ ਹੈ ਕਿ ਜੀਵ ਉਸ ਦੀ ਰਜ਼ਾ ਵਿਚ ਤੁਰੇ। ਇਹ ਅਸੂਲ ਧੁਰ ਤੋਂ ਹੀ ਰੱਬ ਵੱਲੋਂ ਜੀਵ ਲਈ ਜ਼ਰੂਰੀ ਹੈ। ਪਿਤਾ ਦੇ ਕਹੇ ਵਿਚ ਪੁੱਤਰ ਤੁਰਦਾ ਰਹੇ ਤਾਂ ਪਿਆਰ, ਨਾ ਤੁਰੇ ਤਾਂ ਵਿੱਥ ਪੈਂਦੀ ਜਾਂਦੀ ਹੈ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਗਿਆਨ ਸਾਗਰ ਦੇ ਸੁੱਚੇ ਮੋਤੀ

ਗਿਆਨੀ ਚੇਤ ਸਿੰਘ

**ਬਰਾਦਰੀ ਵਿਚੋਂ ਵਹਿਮਾਂ ਨੂੰ ਦੂਰ ਕਰਨ ਲਈ ਭਾਰੀ ਦਲੇਰੀ** - (1) ਇਕ ਪਿੰਡ ਟਾਂਡਾ ਚੂਹੜੀਆਂ ਜੋ ਮੁਕੇਰੀਆਂ ਤਹਿਸੀਲ ਵਿਚ ਹੈ, ਉਥੋਂ ਦੀ ਸੰਗਤ ਨੇ ਆਪ ਜੀ ਦੀ ਸੇਵਾ ਵਿਚ ਮੁਰਾਲੇ ਪੁੱਜ ਕੇ ਨਗਰ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਨਿਯਤ ਦਿਨ ਤੇ ਆਪ ਜੀ ਇਥੇ ਪੁੱਜੇ। ਸੰਗਤ ਨੇ ਬੜਾ ਸੁਆਗਤ ਕੀਤਾ। ਆਪ ਜੀ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਬਹੁਤ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ। ਇਥੇ ਕੁੱਝ ਟਾਹਲੀਆਂ ਸਨ, ਜਿਨ੍ਹਾਂ ਤੋਂ ਕੋਈ ਡਰਦਾ ਇਕ ਟਾਹਣੀ ਭੀ ਨਹੀਂ ਸੀ ਵੱਢਦਾ। ਕਹਿੰਦੇ ਸਨ ਕਿ ਇਨ੍ਹਾਂ ਟਾਹਲੀਆਂ ਵਿੱਚੋਂ ਕੋਈ ਟਾਹਣੀ ਵੱਢੀ ਜਾਵੇ ਤਾਂ ਟਾਹਣੀ ਵਿੱਚੋਂ ਖ਼ੂਨ ਵਗਣ ਲੱਗ ਪੈਂਦਾ ਹੈ। ਇਸ ਵਹਿਮ ਨੂੰ ਦੂਰ ਕਰਨ ਲਈ ਮਹਾਂਪੁਰਖਾਂ ਨੇ ਕਿਹਾ—ਅਸੀਂ ਟਾਹਲੀਆਂ ਵੱਢਣ ਲਈ ਪਹਿਲੇ ਕੁਹਾੜਾ ਮਾਰਾਂਗੇ, ਪਰ ਇਨ੍ਹਾਂ ਟਾਹਲੀਆਂ ਦੀ ਲੱਕੜ ਕਿਸੇ ਗੁਰਦੁਆਰੇ ਦੀ ਸੇਵਾ ਲਈ ਲਾਈ ਜਾਵੇਗੀ। ਸੰਗਤ ਨੇ ਕਿਹਾ—ਜਿਸ ਤਰ੍ਹਾਂ ਆਪ ਜੀ ਚਾਹੋ ਕਰੋ, ਪਰ ਟਾਹਲੀਆਂ ਨੂੰ ਪਹਿਲੇ ਆਪ ਜੀ ਕੁਹਾੜਾ ਮਾਰੋ। ਆਪ ਜੀ ਨੇ ਅਰਦਾਸ ਕੀਤੀ, ਸਤਿਗੁਰਾਂ ਦਾ ਆਸਰਾ ਲੈ ਕੇ ਪਹਿਲੇ ਆਪ ਕੁਹਾੜਾ ਮਾਰਿਆ। ਪਿੱਛੋਂ ਹੋਰ ਸਿੰਘਾਂ ਨੇ ਟਾਹਲੀਆਂ ਵੱਢਣੀਆਂ ਸ਼ੁਰੂ ਕੀਤੀਆਂ। ਸਭ ਟਾਹਲੀਆਂ ਵੱਢ ਕੇ ਇਹਨਾਂ ਦੀ ਲੱਕੜ ਆਪ ਜੀ ਨੇ ਇਥੋਂ ਲਿਜਾ ਕੇ ਕਿਸੇ ਗੁਰਦੁਆਰੇ ਦੀ ਸੇਵਾ ਤੇ ਲਾਈ, ਟਾਹਲੀਆਂ ਵਿੱਚੋਂ ਕੋਈ ਖ਼ੂਨ ਨਾ ਵਗਿਆ।

(2) ਇਸੇ ਤਰ੍ਹਾਂ ਕੋਟ ਪਿੰਡੀ ਦਾਸ ਭੀ ਕੁੱਝ ਟਾਹਲੀਆਂ ਸਨ, ਉਨ੍ਹਾਂ ਟਾਹਲੀਆਂ ਨੂੰ ਭੀ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ। ਉਹ ਭੀ ਆਪ ਨੇ ਅਰਦਾਸਾ ਸੋਧ ਕੇ ਪਹਿਲੇ ਟੱਕ ਲਾਇਆ ਤੇ ਸਾਰੀਆਂ ਦੀ ਲੱਕੜ ਸ੍ਰੀ ਨਨਕਾਣਾ ਸਾਹਿਬ ਦੇ ਬੁੰਗੇ ਤੇ ਲੁਆਈ।

(3) ਦਾਸ ਨੇ ਨਗਰ ਭਖੜੇ ਆਲੀ ਇਕ ਪੀਰ ਦਾ ਛੱਪੜ ਵੱਜਦਾ ਸੀ। ਉਸ ਦੇ ਉੱਤੇ ਇਕ ਬੜੀ ਪੁਰਾਣੀ ਟਾਹਲੀ ਸੀ, ਜਿਸ ਨੂੰ ਕੋਈ ਹੱਥ ਨਹੀਂ ਸੀ ਲਾਂਦਾ। ਮਹਾਂਪੁਰਖਾਂ ਨੇ ਅਰਦਾਸਾ ਸੋਧ ਕੇ ਉਸ ਟਾਹਲੀ ਨੂੰ ਵੱਢਵਾਇਆ ਅਤੇ ਬੜੀ ਕਾਲੀ ਸ਼ਾਹ ਲੱਕੜ, ਜੋ ਗੁਰਦੁਆਰੇ ਦੀਆਂ ਚੁਗਾਠਾਂ ਅਤੇ ਦਰਵਾਜ਼ਿਆਂ ਵਿਚ ਵਰਤੀ ਗਈ। ਇਕ ਬਹੁਤ ਸਾਰਾ ਵੱਡਾ ਪਿੱਪਲ ਸੀ। ਇਸ ਪਿੱਪਲ ਦੀ ਥਾਂ ਤੇ ਗੁਰਦੁਆਰਾ ਬਨਾਉਣਾ ਸੀ, ਉਸ ਨੂੰ ਵੱਢਣ ਲਈ ਕੋਈ ਹੀਆ ਨਹੀਂ ਸੀ ਕਰਦਾ। ਉਹ ਭੀ ਆਪ ਜੀ ਨੇ ਪਹਿਲੇ ਕੁਹਾੜੇ ਨਾਲ ਟੱਕ ਲਾਇਆ ਤੇ ਪਿੱਪਲ ਵਢਵਾ ਕੇ ਉੱਥੇ ਆਪ ਜੀ ਨੇ ਬੜੀ ਸ਼ਾਨਦਾਰ ਗੁਰਦੁਆਰੇ ਦੀ ਬਿਲਡਿੰਗ ਬਣਵਾਈ।

(4) ਇਸੇ ਤਰ੍ਹਾਂ ਜੈਸਾ ਕਿ ਪਹਿਲੇ ਦੱਸ ਆਇਆ ਹਾਂ, ਬਜ਼ੁਰਗਵਾਲ ਪਿੰਡ ਵਿਚ ਡੋਲੀਆਂ ਖਿਡਾਉਣ ਵਾਲਿਆਂ ਦੇ ਘਰਾਂ ਵਿਚ ਥਾਨ ਬਣੇ ਹੋਏ ਸਨ। ਉਹ ਆਪ ਜੀ ਨੇ ਕਹੀ ਲੈ ਕੇ ਪੁੱਟੇ ਤੇ ਉਨ੍ਹਾਂ ਦੇ ਡੁੰਡੇ ਤੇ ਖੂੰਡੀਆਂ ਸਭ ਆਪਣੇ ਨਾਲ ਲਿਜਾ ਕੇ ਗੁਰਦੁਆਰੇ ਦੀ ਇਕ ਨੀਂਹ ਵਿਚ ਸੁਟਵਾ ਕੇ ਉੱਤੇ ਇੱਟਾਂ ਦੀ ਚਿਣਾਈ ਕਰਵਾ ਦਿੱਤੀ। ਇਸ ਤਰ੍ਹਾਂ ਆਪ ਮਨਮਤਾਂ ਤੇ ਵਹਿਮਾਂ ਨੂੰ ਦੂਰ ਕਰਨ ਲਈ ਬੜੇ ਦ੍ਰਿੜ ਸਨ, ਬੜੇ ਦਲੇਰ ਸਨ। ਇਸ ਤਰ੍ਹਾਂ ਦੇ ਵਹਿਮਾਂ ਦੀ ਜਿੱਥੇ ਭੀ ਆਪ ਜੀ ਨੂੰ ਖ਼ਬਰ ਲੱਗ ਜਾਂਦੀ, ਉਥੇ ਉਚੇਚੇ ਪੁੱਜ ਕੇ ਉਹ ਵਹਿਮ ਦੂਰ ਕਰਦੇ। ਉਨ੍ਹਾਂ ਵਿਚ ਆਤਮਕ ਸ਼ਕਤੀ ਸੀ, ਇਸ ਲਈ ਉਹ ਅਜਿਹੀਆਂ ਵਹਿਮਾਂ ਅਤੇ ਮਨਮਤਾਂ ਨੂੰ ਦੂਰ ਕਰਨ ਲਈ ਬੜੀ ਨਿਡਰਤਾ ਨਾਲ ਗੁਰੂ ਆਸਰਾ ਲੈ ਕੇ, ਆਪਣੀ ਹੱਥੀਂ ਕੁਹਾੜਾ ਫੜ ਕੇ ਅਜਿਹੇ ਕੁਕਰਮਾਂ ਨੂੰ ਜੜ੍ਹਾਂ ਤੋਂ ਹੀ ਪੁੱਟ ਦਿੰਦੇ ਸਨ। ਲੋਕਾਂ ਨੂੰ ਮਨਮਤਾਂ ਤੇ ਵਹਿਮਾਂ ਤੋਂ ਹਟਾ ਕੇ ਗੁਰਮਤ ਦੇ ਸਿੱਧੇ ਰਸਤੇ ਚੱਲਣ ਦਾ ਉਪਦੇਸ਼ ਦਿੰਦੇ ਸਨ ਤੇ ਸਿੱਖੀ ਦੇ ਸਿੱਧੇ ਰਸਤੇ ਚੱਲਣ ਦੀ ਪ੍ਰੇਰਨਾ ਕਰਦੇ ਸਨ।

**ਸ. ਗੁਰਦਿੱਤ ਸਿੰਘ ਜੀ ਆਸਟ੍ਰੇਲੀਆ ਵਾਲਿਆਂ ਦੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਵਸੀਅਤ** - ਸ. ਗੁਰਦਿੱਤ ਸਿੰਘ ਜੀ ਦਾ ਜਨਮ ਪਿੰਡ ਸੰਤਪੁਰਾ ਜ਼ਿਲ੍ਹਾ ਗੁਜਰਾਤ ਦਾ ਸੀ। ਕਈ ਸਾਲਾਂ ਤੋਂ ਆਸਟ੍ਰੇਲੀਆ ਵਿਚ ਕੱਪੜੇ ਦਾ ਵਪਾਰ ਕਰਦੇ ਸਨ। ਇਨ੍ਹਾਂ ਦਾ ਕੋਈ ਬੱਚਾ ਨਹੀਂ ਸੀ। ਸਿੰਘਣੀ ਨੂੰ ਨਾਲ ਨਹੀਂ ਸਨ ਲਿਜਾਂਦੇ। ਇਕੱਲੇ ਹੀ ਉਥੇ ਜਾ ਕੇ ਵਪਾਰ ਕਰਦੇ ਸਨ। ਇਨ੍ਹਾਂ ਦਾ ਇਕ ਭਰਾ ਸ. ਲਾਲ ਸਿੰਘ ਸੀ, ਉਸ ਦਾ ਵਪਾਰ ਦਾ ਕੰਮ ਇਥੇ ਹੀ ਚੰਗਾ ਸੀ। ਕਈ ਵੇਰ ਸ. ਗੁਰਦਿੱਤ ਸਿੰਘ ਨੇ ਭਰਾ ਨੂੰ ਆਸਟ੍ਰੇਲਆ ਮੰਗਾਉਣ ਦਾ ਜਤਨ ਕੀਤਾ, ਪਰ ਸ. ਲਾਲ ਸਿੰਘ ਕਹਿੰਦੇ ਕਿ ਮੇਰਾ ਇਥੇ ਹੀ ਆਸਟ੍ਰੇਲੀਆ ਹੈ। ਦੇਵਨਾਤ ਕੁਦਰਤ ਦੀ ਖੇਲ। ਸ. ਗੁਰਦਿੱਤ ਸਿੰਘ ਜੀ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਨ੍ਹਾਂ ਨੇ ਆਸਟ੍ਰੇਲੀਆ ਦੇ ਮਕਾਨ, ਬੈਂਕਾਂ ਦਾ ਰੁਪਇਆ ਆਦਿ ਸਾਰੀ ਜਾਇਦਾਦ ਦੀ ਵਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਕਰ ਦਿੱਤੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਜੀ ਦੇ ਭਰਾ ਭਾਈ ਲਾਲ ਸਿੰਘ ਜੀ ਨੂੰ ਆਸਟ੍ਰੇਲੀਆ ਮੁਖਤਾਰਨਾਮਾ ਦੇ ਕੇ ਭੇਜਿਆ। ਇਨ੍ਹਾਂ ਉਥੇ ਜਾ ਕੇ ਮਕਾਨ ਵੇਚੇ। ਉਸ ਦੀ ਰਕਮ ਭੀ ਅਤੇ ਬੈਂਕਾਂ ਵਿਚ ਜੋ ਰਕਮ ਸੀ, ਉਹ ਭੀ ਸਭ ਹਿੰਦੁਸਤਾਨ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਜਾਂ ਜਿਥੇ ਕਿ ਆਪ ਜੀ ਦਾ ਅਕਾਊਂਟ ਸੀ, ਟਰਾਂਸਫਰ ਕਰਾ ਦਿੱਤੀ ਅਤੇ ਕੁੱਝ ਦਿਨਾਂ ਪਿਛੋਂ ਸਾਰੀ ਕਾਰਵਾਈ ਕਰਕੇ ਭਾਈ ਲਾਲ ਸਿੰਘ ਵਾਪਸ ਆ ਗਏ।

**ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੇਵਾ ਦਾ ਫਲ** - ਸ. ਗੁਰਦਿੱਤ ਸਿੰਘ ਜੀ ਦੀ ਇਹ ਸਾਰੀ ਰਕਮ ਕਿਸੇ ਕੰਪਨੀ ਦੇ ਪਾਸ ਜਮ੍ਹਾਂ ਸੀ। ਉਨ੍ਹਾਂ ਨਾਲ ਲਿਖਾਪੜ੍ਹੀ ਦੀ ਸਾਰੀ ਕਾਰਵਾਈ ਅੰਗਰੇਜ਼ੀ ਵਿਚ ਮੁਰਾਲੇ ਦੇ ਚੌਧਰੀ ਫਜ਼ਲ ਅਲਾਹੀ ਜੋ ਨਵੇਂ-ਨਵੇਂ ਹੀ ਵਕੀਲ ਬਣੇ ਸਨ, ਉਹ ਲਿਖ ਕੇ ਕਰਦੇ ਰਹੇ। ਚੌਧਰੀ ਫਜ਼ਲ ਅਲਾਹੀ ਉਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਬੜੇ ਖ਼ੁਸ਼ ਸਨ ਅਤੇ ਜਦੋਂ ਭੀ ਆਪ ਬੁਲਾਉਂਦੇ ਉਦੋਂ ਝੱਟ ਆ ਜਾਂਦੇ। ਆਪ ਜੀ ਦੇ ਉੱਤੇ ਬੜੀ ਸ਼ਰਧਾ ਰੱਖਦੇ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਕਿਸੇ ਪਾਸੋਂ ਐਵੇਂ ਕੰਮ ਨਹੀਂ ਸੀ ਕਰਾਉਂਦੇ। ਜੋ ਕਿਸੇ ਦਾ ਹੱਕ ਬਣਦਾ ਹੋਵੇ ਉਸ ਤੋਂ ਵੱਧ ਉਸ ਨੂੰ ਦੇ ਕੇ ਖੁਸ਼ੀ ਪ੍ਰਗਟ ਕਰਦੇ ਸਨ। ਇਹ ਤਾਂ ਦਾਸ ਨੂੰ ਪਤਾ ਨਹੀਂ ਕਿ ਉਸ ਨੂੰ ਕੀ ਦਿੱਤਾ ਸੀ, ਪਰ ਉਸ ਨੂੰ ਉਸ ਦੇ ਕੰਮ ਬਦਲੇ ਕਾਫੀ ਰਕਮ ਦੇ ਕੇ ਖ਼ੁਸ਼ ਕੀਤਾ। ਚੌਧਰੀ ਫਜ਼ਲ ਅਲਾਹੀ ਨੇ ਬੜੀ ਸ਼ਰਧਾ ਅਤੇ ਪਿਆਰ ਨਾਲ ਸੇਵਾ ਕੀਤੀ, ਜਿਸ ਦਾ ਫਲ ਚੌਧਰੀ ਫਜ਼ਲ ਅਲਾਹੀ ਨੂੰ ਇਹ ਪ੍ਰਾਪਤ ਹੋਇਆ ਕਿ ਅੱਗੇ ਜਾ ਕੇ ਭੁਟੋ ਦੇ ਸਮੇਂ ਵਿਚ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅੱਜ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਰਿਣੀ ਹੈ। ਚੌਧਰੀ ਫਜ਼ਲ ਅਲਾਹੀ ਦੀ ਮੌਤ ਪਿੱਛੋਂ ਭੀ ਉਨ੍ਹਾਂ ਦੇ ਭਰਾ ਨੇ ਆਪਣੇ ਦਫ਼ਤਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫੋਟੋ ਹੁਣ ਤੱਕ ਰੱਖੀ ਹੋਈ ਹੈ, ਜੋ ਦਾਸ ਦਾ ਲੜਕਾ ਮੁਰਾਲੇ ਵੇਖ ਕੇ ਆਇਆ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਜੋ ਉਨ੍ਹਾਂ ਦੇ ਪਰਿਵਾਰ ਤੇ ਉਪਕਾਰ ਕੀਤੇ ਸਨ, ਉਹ ਯਾਦ ਕਰਦੇ ਹਨ ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ।

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ

**ਡਾ. ਜਸਵੰਤ ਸਿੰਘ**

## ਜ਼ੈਲਦਾਰ ਸੁੰਦਰ ਸਿੰਘ (1882-1964)



ਜ਼ੈਲਦਾਰ ਸੁੰਦਰ ਸਿੰਘ ਦਾ ਜਨਮ ਪਿੰਡ ਕਿਲਾ ਸੂਰਾ ਸਿੰਘ, ਜ਼ਿਲ੍ਹਾ ਗੁਜਰਾਤ ਵਿਚ ਸ. ਤੇਜਾ ਸਿੰਘ ਦੇ ਘਰ 1882 ਵਿਚ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਵਿਚ ਉਰਦੂ ਬਾਰੇ ਪੂਰਾ ਗਿਆਨ ਪ੍ਰਾਪਤ ਕਰ ਲਿਆ। ਉਹਨਾਂ ਨੇ ਪਹਿਲੇ ਮਹਾਂਯੁੱਧ ਸਮੇਂ ਅੰਗਰੇਜ਼ ਸਰਕਾਰ ਦੀਆਂ ਵੱਡਮੁੱਲੀਆਂ ਸੇਵਾਵਾਂ ਕੀਤੀਆਂ। ਉਹਨਾਂ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦੇ ਹੋਏ ਉਹਨਾਂ ਨੂੰ ਚੱਕ ਨੰਬਰ 88/7 ਆਰ ਵਿਚ 5 ਮੁਰੱਬੇ ਜ਼ਮੀਨ ਅਤੇ ਉਥੇ ਦਾ ਹੀ ਜ਼ੈਲਦਾਰ ਨਿਯੁਕਤ ਕਰ ਦਿੱਤਾ ਗਿਆ। ਉਹਨਾਂ ਦੀ ਜ਼ੈਲ ਵਿਚ ਕੁੱਲ 29 ਪਿੰਡ ਆਉਂਦੇ ਸਨ। ਜਿਨ੍ਹਾਂ ਵਿਚ 3 ਪਿੰਡ ਸਿੱਖਾਂ ਅਤੇ 26 ਪਿੰਡ ਮੁਸਲਮਾਨਾਂ ਦੇ ਸਨ।

ਉਹਨਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਸਾਰੇ ਵਿਦਿਅਕ ਅਤੇ ਧਾਰਮਿਕ ਕੰਮ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੇ ਨਨਕਾਣਾ ਸਾਹਿਬ ਵਿਖੇ ਬੁੰਗੇ ਦੀ ਉਸਾਰੀ ਵਿਚ ਸਹਾਇਤਾ ਕੀਤੀ। ਉਹਨਾਂ ਨੇ ਬੁੰਗਾ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਾਸਤੇ ਮਾਇਕ ਤੌਰ ਤੇ ਸਹਾਇਤਾ ਦਿੱਤੀ। ਉਹਨਾਂ ਨੇ ਸੰਤ ਪ੍ਰੇਮ ਸਿੰਗ ਖਾਲਸਾ ਹਾਈ ਸਕੂਲ ਚੱਕ ਨੰਬਰ 88/7 ਆਰ, ਜ਼ਿਲ੍ਹਾ ਮੁਲਤਾਨ ਸਥਾਪਿਤ ਕਰਨ ਵਿਚ ਬਹੁਤ ਯੋਗਦਾਨ ਪਾਇਆ। ਉਹਨਾਂ ਨੇ ਸਕੂਲ ਲਈ 5 ਏਕੜ ਜ਼ਮੀਨ ਦਿੱਤੀ ਤੇ ਸਕੂਲ ਦੀ ਉਗਰਾਹੀ ਇਕੱਠੀ ਕਰਨ ਵਿਚ ਸਹਾਇਤਾ ਕੀਤੀ। ਉਹਨਾਂ ਨੂੰ ਸਕੂਲ ਦੀ ਕਮੇਟੀ ਦਾ ਉਪ-ਪ੍ਰਧਾਨ ਬਣਾਇਆ ਗਿਆ।

ਉਹ ਲੁਬਾਣਾ ਸਿੱਖ ਮਿਲਟਰੀ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਸਨ। ਉਹ ਲਗਾਤਾਰ ਉਸਦੀਆਂ ਬੈਠਕਾਂ ਵਿਚ ਹਾਜ਼ਰ ਹੁੰਦੇ ਰਹੇ। ਉਹਨਾਂ ਨੇ ਮੁਲਤਾਨ ਅਤੇ ਮੁਜੱਫਰਗੜ੍ਹ ਜ਼ਿਲ੍ਹਿਆਂ ਦੀ ਲੁਬਾਣਾ ਬਰਾਦਰੀ ਨੂੰ ਖੇਤੀਬਾੜੀ ਵਾਲੇ ਕਬੀਲਿਆਂ ਵਿਚ ਸ਼ਾਮਲ ਕਰਾਉਣ ਲਈ ਬਹੁਤ ਯਤਨ ਕੀਤਾ। ਦੂਜੇ ਮਹਾਂਯੁੱਧ ਦੌਰਾਨ ਉਹਨਾਂ ਨੇ ਆਪਣੇ ਪਰਿਵਾਰ ਅਤੇ ਲੁਬਾਣਾ ਬਰਾਦਰੀ ਦੇ ਨੌਜਵਾਨਾਂ ਨੂੰ ਵੱਡੀ ਗਿਣਤੀ ਵਿਚ ਅੰਗਰੇਜ਼ ਸੈਨਾ ਵਿਚ ਲੜਨ ਵਾਸਤੇ ਭੇਜਿਆ।

ਦੇਸ਼ ਵੰਡ ਤੋਂ ਬਾਅਦ ਉਹਨਾਂ ਦਾ ਪਰਿਵਾਰ ਤਲਵੰਡੀ ਸੱਲਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਰਹਿਣ ਲੱਗਾ। ਉਹਨਾਂ ਨੇ ਇਥੇ ਵੀ ਸਿੱਖਿਆ ਦੇ ਪ੍ਰਸਾਰ ਲਈ ਲਗਾਤਾਰ ਆਪਣੇ ਯਤਨ ਜਾਰੀ ਰੱਖੇ। ਉਨ੍ਹਾਂ ਨੇ 1956 ਈ. ਵਿਚ ਆਪਣੇ ਪਿੰਡ ਤਲਵੰਡੀ ਸੱਲਾਂ ਵਿਚ ਇਕ ਪ੍ਰਾਇਮਰੀ ਸਕੂਲ ਸਥਾਪਿਤ ਕਰਨ ਵਾਸਤੇ 4 ਕਨਾਲ ਜ਼ਮੀਨ ਦਿੱਤੀ। ਉਹਨਾਂ ਨੇ 1959 ਈ. ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਗਿਆਨੀ, ਹੁਸ਼ਿਆਰਪੁਰ ਵਾਸਤੇ 75 ਰੁਪਏ ਦਿੱਤੇ। ਇਸ ਤੋਂ ਇਲਾਵਾ ਉਹਨਾਂ ਨੇ ਪ੍ਰੇਮ ਖਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ, ਜ਼ਿਲ੍ਹਾ ਜਲੰਧਰ ਵਾਸਤੇ 6 ਕਨਾਲ 5 ਮਰਲੇ ਜ਼ਮੀਨ ਦਿੱਤੀ।

ਦੇਸ਼ ਬਟਵਾਰੇ ਉਪਰੰਤ ਉਹ ਆਪਣੇ ਇਲਾਕੇ ਦੇ ਪ੍ਰਮੁੱਖ ਵਿਅਕਤੀਆਂ ਵਿੱਚੋਂ ਇਕ ਸਨ। ਉਹ ਬਲਾਕ ਸੰਮਤੀ ਟਾਂਡਾ ਦੇ ਪਹਿਲੇ ਚੇਅਰਮੈਨ ਬਣੇ। ਇਸ ਤੋਂ ਇਲਾਵਾ ਉਹ ਜਨਤਾ ਸਹਿਕਾਰੀ ਸਭਾ ਖੰਡ ਮਿਲ ਭੋਗਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦੇ 10-12-1954 ਨੂੰ ਮੈਂਬਰ ਅਤੇ ਫਿਰ ਇਸੇ ਹੀ ਮਿਲ ਕੇ ਡਾਇਰੈਕਟਰ ਬਣੇ। ਉਹਨਾਂ ਨੇ ਵੱਖ-ਵੱਖ ਥਾਵਾਂ ਦੀ ਬਹੁਤ ਦੂਰ-ਦੂਰ ਤੱਕ ਯਾਤਰਾ ਕੀਤੀ। 1960 ਈ. ਵਿਚ ਉਹ ਪਾਕਿਸਤਾਨ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਅਤੇ ਹੋਰ ਕਈ ਧਾਰਮਿਕ ਅਸਥਾਨਾਂ ਦੇ ਦਰਸ਼ਨ ਲਈ ਗਏ।

## ਜ਼ੈਲਦਾਰ ਸੁੰਦਰ ਸਿੰਘ (1859-1949)



ਜ਼ੈਲਦਾਰ ਸੁੰਦਰ ਸਿੰਘ, ਲੁਬਾਣਾ ਬਰਾਦਰੀ ਦੇ ਬਹੁਤ ਪ੍ਰਮੁੱਖ ਵਿਅਕਤੀਆਂ ਵਿਚੋਂ ਇਕ ਸਨ। ਉਹ ਆਪਣੀ ਜ਼ੈਲ ਵਿਚ ਬਹੁਤ ਹਰਮਨ ਪਿਆਰੇ ਸਨ। ਉਹਨਾਂ ਦਾ ਜਨਮ ਪਿੰਡ ਗੁੜਾਂਗਵਾਲਾ, ਜ਼ਿਲ੍ਹਾ ਸ਼ੇਖੂਪੁਰਾ ਵਿਚ 1859 ਈ. ਵਿਚ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਹੀ ਪ੍ਰਾਪਤ ਕੀਤੀ। ਜ਼ਮੀਨ ਦੇ ਬਹੁਤ ਵੱਡੇ ਮਾਲਕ ਸਨ। ਉਹਨਾਂ ਕੋਲ 12 ਮੁਰੱਬੇ ਜ਼ਮੀਨ ਸੀ। ਬਹੁਤੀ ਜ਼ਮੀਨ ਕਰਕੇ ਉਹਨਾਂ ਨੂੰ ਗਾਜ਼ੀਕੱਕਾ ਜ਼ੈਲ ਜੋ ਤਹਿਸੀਲ ਸ਼ਾਹਦਰਾ, ਜ਼ਿਲ੍ਹਾ ਸ਼ੇਖੂਪੁਰਾ ਵਿਚ ਸੀ ਦੇ ਜ਼ੈਲਦਾਰ ਨਿਯੁਕਤ ਕੀਤਾ ਗਿਆ। ਉਹਨਾਂ ਦੀ ਜ਼ੈਲ ਵਿਚ ਕੁੱਲ 34 ਪਿੰਡ ਆਉਂਦੇ ਸਨ। ਉਹਨਾਂ ਨੇ ਸਿੱਖਿਆ ਦੇ ਪ੍ਰਸਾਰ ਲਈ ਬਹੁਤ ਸ਼ਲਾਘਾਯੋਗ ਯਤਨ ਕੀਤੇ। ਉਹਨਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਨਾਲ ਹੋ ਕੇ 1944 ਈ. ਵਿਚ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ, ਬਾਬਕਵਾਲ, ਜ਼ਿਲ੍ਹਾ ਸ਼ੇਖੂਪੁਰਾ ਸਥਾਪਿਤ ਕੀਤਾ। ਉਹਨਾਂ ਸਕੂਲ ਦੀ ਇਮਾਰਤ ਉਸਾਰੀ ਵਾਸਤੇ ਬਹੁਤ ਜ਼ਿਆਦਾ ਪੈਸੇ ਇਕੱਠੇ ਕਰਵਾਏ। ਉਹ ਲੁਬਾਣਾ ਸਿੱਖ ਮਿਲਟਰੀ ਐਸੋਸੀਏਸ਼ਨ ਦੇ ਬਹੁਤ ਸਰਗਰਮ ਮੈਂਬਰ ਸਨ। ਉਹਨਾਂ ਨੇ ਲੁਬਾਣਾ ਬਰਾਦਰੀ ਦੀਆਂ ਸੈਨਿਕ ਅਤੇ ਖੇਤੀਬਾੜੀ ਨਾਲ ਸਬੰਧਤ ਮੰਗਾਂ ਨੂੰ ਪੂਰਾ ਕਰਾਉਣ ਲਈ ਯਤਨ ਕੀਤੇ। ਦੇਸ਼ ਦੇ ਬਟਵਾਰੇ ਤੋਂ ਬਾਅਦ ਉਹ ਪਿੰਡ ਤਲਵੰਡੀ ਸੱਲਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਰਹਿਣ ਲੱਗੇ। ਉਥੇ 1949 ਵਿਚ ਉਹਨਾਂ ਦੀ ਮੌਤ ਹੋਈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

# ਅਗਸਤ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ ਬਾਰੇ** :- ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ ਦੀ ਮੀਟਿੰਗ ਮਿਤੀ 9 ਅਗਸਤ ਦਿਨ ਸ਼ੁੱਕਰਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਕਾਨਫਰੈਂਸ ਰੂਮ ਵਿਚ ਸ. ਜਗੀਰ ਸਿੰਘ ਲਾਲੀਆ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ 13 ਮੈਂਬਰਾਂ ਅਤੇ ਸਹਿਯੋਗੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਪਹਿਲੀ ਮੀਟਿੰਗ ਦੌਰਾਨ ਜੋ ਵਿਸ਼ੇ ਵਿਚਾਰੇ ਗਏ ਸਨ ਉਹਨਾਂ ਉੱਪਰ ਫਿਰ ਵਿਚਾਰ ਵਟਾਂਦਰਾ ਹੋਇਆ ਅਤੇ ਸਭ ਮੈਂਬਰਾਂ ਨੇ ਜਿਹੜੇ ਪੰਜ ਵਿਸ਼ਿਆਂ ਤੇ ਪਹਿਲਾਂ ਵਿਚਾਰ ਹੋਏ ਸਨ, ਇਸ ਮੀਟਿੰਗ ਵਿਚ ਵਿਚਾਰ ਕੇ ਫਾਇਨਲ ਕਰ ਦਿੱਤੇ ਅਤੇ ਫੈਸਲਾ ਕੀਤਾ ਕਿ ਇਹਨਾਂ ਸਭ ਵਿਸ਼ਿਆਂ ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਲੁਬਾਣਾ ਬਰਾਦਰੀ ਦੇ ਪਿੰਡਾਂ ਤੱਕ ਪਹੁੰਚਾਇਆ ਜਾਵੇ। ਇਹ ਪੰਜ ਵਿਸ਼ੇ ਇਸ ਪ੍ਰਕਾਰ ਹਨ।

1. ਵਿਆਹ ਦੇ ਸੱਦਾ ਪੱਤਰ ਕਾਰਡ ਤੇ ਖ਼ਰਚਾ ਘਟਾਇਆ ਜਾਵੇ।
2. ਦਾਜ ਰਹਿਤ ਵਿਆਹ ਕਰਨੇ/ਕਰਵਾਉਣ ਬਾਰੇ ਸਮਾਜ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਪ੍ਰੇਰਿਤ ਕੀਤਾ ਜਾਵੇ।
3. ਵਿਆਹ ਦੇ ਟੋਟਲ ਰੀਤੀ-ਰਿਵਾਜ਼ਾ ਨੂੰ ਦੋ ਫੰਕਸ਼ਨਾਂ ਵਿੱਚ ਹੀ ਸੀਮਿਤ ਕੀਤਾ ਜਾਵੇ।
4. ਰੂਰਲ ਏਰੀਆ ਵਿੱਚ ਐਜੂਕੇਸ਼ਨ ਬਾਰੇ ਪ੍ਰਚਾਰ ਕੀਤਾ ਜਾਵੇ, ਤਾਂ ਜੋ ਸਮਾਜ ਦੇ ਪੜ੍ਹੇ-ਲਿਖੇ ਲੋਕ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਆਪਣਾ ਯੋਗਦਾਨ ਦੇ ਸਕਣ।
5. ਗ਼ਰੀਬ ਤਲਾਕਸ਼ੁਦਾ ਲੜਕੀਆਂ ਨੂੰ ਲੀਗਲ ਕਾਨੂੰਨੀ ਸਹਾਇਤਾ ਦੇਣਾ/ਕਰਵਾਉਣਾ।



2. **ਸੋਲਰ ਸਿਸਟਮ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਸੋਲਰ ਸਿਸਟਮ ਦਾ ਉਦਘਾਟਨ ਹੋ ਚੁੱਕਾ ਹੈ ਅਤੇ ਇਸ ਦੀ ਸਾਰੀ ਪੇਮੈਂਟ 20.50 ਲੱਖ ਰੁਪਏ ਕਰ ਦਿੱਤੀ ਗਈ ਹੈ ਅਤੇ ਸੋਲਰ ਸਿਸਟਮ ਬਹੁਤ ਕਾਮਯਾਬੀ ਨਾਲ ਚੱਲ ਰਿਹਾ ਹੈ। ਅਗਸਤ 2019 ਤੱਕ ਤਕਰੀਬਨ 6000

ਯੂਨਿਟ ਬਿਜਲੀ ਪੈਦਾ ਕਰ ਚੁੱਕਾ ਹੈ। ਇਸ ਸੋਲਰ ਸਿਸਟਮ ਦੀ ਕੰਪਨੀ ਵੱਲੋਂ ਐਵਰੇਜ 200 ਯੂਨਿਟ ਹਰ ਰੋਜ਼ ਦੀ ਉਤਪਾਦਨ ਦਾ ਵਾਇਦਾ ਕੀਤਾ ਗਿਆ ਹੈ, ਪਰ ਪਿਛਲੇ ਕੁਝ ਦਿਨਾਂ ਦੇ ਉਤਪਾਦਨ ਤੋਂ ਪਤਾ ਲੱਗਿਆ ਹੈ ਕਿ ਜੇ ਸਾਰਾ ਦਿਨ ਸੂਰਜ ਠੀਕ ਰਹੇ ਤਾਂ ਉਤਪਾਦਨ 250 ਯੂਨਿਟ ਤੱਕ ਵੀ ਹੋ ਜਾਂਦਾ ਹੈ। ਸੋਲਰ ਸਿਸਟਮ ਦਾ ਲਗਣਾ ਅਤੇ ਕਾਮਯਾਬੀ ਨਾਲ ਕੰਮ ਕਰਨਾ ਮੈਂਬਰਾਂ ਵਾਸਤੇ ਮਾਣ ਦੀ ਗੱਲ ਹੈ।

3. **ਨਾਭੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾ ਦੇਣ ਬਾਰੇ** :- ਇਸ ਬਾਰੇ ਪਹਿਲਾਂ ਹੀ ਲੁਬਾਣਾ ਸੇਵਕ ਦੇ ਰਾਹੀਂ ਦੱਸ ਦਿੱਤਾ ਗਿਆ ਹੈ ਕਿ ਭਵਨ ਦੀ ਮੈਨੇਜਮੈਂਟ ਦੇ ਜਦੋਂ ਹੀ ਨੋਟਿਸ ਵਿਚ ਆਇਆ ਸੀ ਉਦੋਂ ਹੀ ਪੱਤਰ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਤੇ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਨਾਲ ਟੇਕਅਪ ਕੀਤਾ ਗਿਆ ਸੀ। ਦੋ ਮਹੀਨੇ ਦੀ ਖਤੋ-ਖਿਤਾਬਤ ਤੋਂ ਬਾਅਦ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਨਾਲ ਮੀਟਿੰਗ ਕੀਤੀ ਗਈ ਅਤੇ ਕਾਫੀ ਬਹਿਸ ਅਤੇ ਇਤਿਹਾਸਿਕ ਤੱਥ ਘੋਖਣ ਤੋਂ ਬਾਅਦ ਮੈਨੇਜਰ ਸਾਹਿਬ ਨੇ ਵਾਇਦਾ ਕੀਤਾ ਸੀ ਕਿ ਸ਼ਾਮ ਜਿਊਲਰਜ਼ ਨੇ ਜੋ ਬੋਰਡ ਲਾਇਆ ਸੀ ਉਹ ਹਟਾ ਦਿੱਤਾ ਜਾਵੇਗਾ ਅਤੇ ਬਾਕੀ ਸਭ ਇਤਿਹਾਸ ਦੇ ਬੋਰਡਾਂ ਵਿਚ ਸੋਧ ਕੀਤੀ ਜਾਵੇਗੀ। ਕੁਝ ਦਿਨ ਪਹਿਲਾਂ ਸ਼ਾਮ ਜਿਊਲਰਜ਼ ਦਾ ਬੋਰਡ ਹਟਾ ਦਿੱਤਾ ਗਿਆ ਹੈ। ਉਮੀਦ ਹੈ ਕਿ ਬਾਕੀ ਬੋਰਡਾਂ ਵਿਚ ਵੀ ਸੋਧ ਕਰ ਦਿੱਤੀ ਜਾਵੇਗੀ।

4. **ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬਾਰੇ** :- ਮਿਤੀ 25 ਅਗਸਤ 2019 ਦਿਨ ਐਤਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੀ





ਕਾਰਜਕਾਰਨੀ ਕਮੇਟੀ ਦੀ ਮੀਟਿੰਗ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਮੀਖੋਵਾਲ (ਬੇਗੋਵਾਲ) ਵਿਖੇ ਕੀਤੀ ਗਈ, ਜਿਸ ਵਿਚ ਤਕਰੀਬਨ 50-60 ਮੈਂਬਰਾਂ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਭਾਗ ਲਿਆ। ਇਸ ਮੀਟਿੰਗ ਵਿਚ ਸਤਿਕਾਰਯੋਗ ਸਵਰਨ ਸਿੰਘ ਜੋਸ਼, ਸ. ਸਤਪਾਲ ਸਿੰਘ ਸਰਪੰਚ ਸਲੇਮਪੁਰ, ਸ. ਜਗਤਾਰ ਸਿੰਘ ਸਲੇਮਪੁਰ, ਸ. ਜਸਵੀਰ ਸਿੰਘ ਸਰਪੰਚ ਦਬੁਰਜੀ, ਸ. ਰਣਜੀਤ ਸਿੰਘ ਸਰਪੰਚ ਸੱਲਾਂ ਅਤੇ ਕੈਪਟਨ ਜਸਵੀਰ ਸਿੰਘ ਆਦਿ ਨੇ ਵੀ ਭਾਗ ਲਿਆ। ਇਸ ਮੀਟਿੰਗ ਵਿਚ ਸਭ ਤੋਂ ਪਹਿਲਾਂ ਪ੍ਰਧਾਨ ਜੀ ਨੇ ਆਏ ਹੋਏ ਸਭ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਭਵਨ ਦੀਆਂ ਉਪਲਬਧੀਆਂ ਅਤੇ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ ਅਤੇ ਬੇਨਤੀ ਕੀਤੀ ਕਿ ਮੈਂਬਰਾਂ ਤੋਂ ਇਲਾਵਾ ਸਭ ਪਤਵੰਤੇ ਸੱਜਣ ਵੀ ਆਪਣੇ ਵਿਚਾਰ ਦੱਸਣ ਅਤੇ ਆਪਣੇ-ਆਪਣੇ ਸੁਝਾਓ ਦੱਸਣ ਤਾਂ ਕਿ ਅਸੀਂ ਭਵਨ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ ਅਤੇ ਅਸਰਦਾਰ ਕਰ ਸਕੀਏ। ਮੀਟਿੰਗ ਨੂੰ ਸ. ਪ੍ਰੀਤਮ ਸਿੰਘ ਸਾਬਕਾ ਪ੍ਰਧਾਨ, ਸ. ਸਵਰਨ ਸਿੰਘ ਜੋਸ਼ ਰਾਜਸੀ ਸਕੱਤਰ, ਬੀਬੀ ਜਗੀਰ ਕੌਰ ਸਾਬਕਾ ਮੰਤਰੀ, ਸ. ਈਸ਼ਰ ਸਿੰਘ ਡੀ.ਓ ਰਿਟਾਇਰਡ ਕਾਹਨੂੰਵਾਨ, ਸ. ਲਖਵਿੰਦਰ ਸਿੰਘ ਟਾਂਡਾ ਉੜਮੁੜ ਅਤੇ ਬੇਗੋਵਾਲ ਤੋਂ ਕੁਝ ਪਤਵੰਤੇ ਸੱਜਣਾਂ ਨੇ ਵੀ ਆਪਣੇ ਵਿਚਾਰ ਰੱਖੇ। ਸਭ ਮੈਂਬਰਾਂ ਨੇ ਸਮਾਜ ਸੁਧਾਰ ਬਾਰੇ ਕਾਫੀ ਸੁਝਾਓ ਦਿੱਤੇ ਅਤੇ ਸਭ ਨੇ ਭਵਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਮੀਟਿੰਗ ਤੋਂ ਬਾਅਦ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਸਮਾਧ ਤੇ ਸਭ ਮੈਂਬਰਾਂ ਨੇ ਮੱਥਾ ਟੇਕਿਆ ਅਤੇ ਸਭ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਲੰਗਰ ਛੱਕਣ ਤੋਂ ਬਾਅਦ ਬੀਬੀ ਜਗੀਰ ਕੌਰ ਸਾਬਕਾ ਮੰਤਰੀ, ਸਾਬਕਾ ਐਸ.ਜੀ.ਪੀ.ਸੀ. ਪ੍ਰਧਾਨ ਜੀ ਨਾਲ ਮੁਲਾਕਾਤ ਕੀਤੀ ਅਤੇ ਸਮਾਜਿਕ ਬੁਰਾਈਆਂ ਬਾਰੇ ਵਿਚਾਰ ਵਟਾਂਦਰਾ ਕੀਤਾ।



**5. ਓ.ਬੀ.ਸੀ. ਦੀ ਰੀਜ਼ਰਵੇਸ਼ਨ ਬਾਰੇ** :- ਇਸ ਬਾਰੇ ਮਾਨਯੋਗ ਹਾਈਕੋਰਟ ਅਤੇ ਸੁਪ੍ਰੀਮ ਕੋਰਟ ਵਿਚ ਕੇਸ ਪੈਂਡਿਗ ਹੈ। ਸੁਪ੍ਰੀਮ ਕੋਰਟ ਵਿਚ ਫੈਸਲਾ ਆ ਚੁੱਕਿਆ ਹੈ ਕਿ ਯੂਨੀਅਨ ਟੈਰੀਟਰੀ ਵਿਚ ਸਥਿਤ ਯੂਨੀਵਰਸਿਟੀਆਂ ਸੈਂਟ੍ਰਲੀ ਸਪਾਂਸਰਡ ਹੀ ਹਨ। ਇਸ ਲਈ ਮਾਨਯੋਗ ਹਾਈਕੋਰਟ ਵਿਚ ਰੀਵਾਇਜ਼ਡ ਪਟੀਸ਼ਨ ਪਾਈ ਜਾ ਰਹੀ ਹੈ ਅਤੇ ਮਾਨਯੋਗ ਸੁਪ੍ਰੀਮ ਕੋਰਟ ਵਿਚ ਅਰਲੀ ਹੀਅਰਿੰਗ ਦੀ ਪਟੀਸ਼ਨ ਪਾਈ ਜਾ ਰਹੀ ਹੈ। ਜੋ ਵੀ ਫੈਸਲਾ ਆਇਆ ਸਭ ਮੈਂਬਰਾਂ ਨੂੰ ਦੱਸ ਦਿੱਤਾ ਜਾਵੇਗਾ। ਇਸ ਬਾਰੇ ਇੱਕ ਹੋਰ ਬੇਨਤੀ ਹੈ ਕਿ ਜੇਕਰ ਕੋਈ ਵੀ ਵਿਦਿਆਰਥੀ ਦਾਖ਼ਿਲਾ ਲੈਣਾ ਚਾਹੁੰਦਾ ਹੈ ਤਾਂ ਉਹ ਪਟੀਸ਼ਨਰ ਬਣ ਕੇ ਆਪਣਾ ਦਾਖ਼ਲਾ ਫਾਰਮ ਭਰ ਸਕਦਾ ਹੈ।

**6. "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਬਾਰੇ** :- ਨਰਾਇਣਗੜ੍ਹ (ਹਰਿਆਣਾ) ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ/ਸੰਗਤ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ:

* ਬੈਂਕ ਦਾ ਨਾਮ- ਪੰਜਾਬ ਨੈਸ਼ਨਲ ਬੈਂਕ

* ਅਕਾਉਂਟ ਹੋਲਡਰ ਦਾ ਨਾਮ- ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, Bank A/C No. 2733000102901938, IFSC-

PUNB0273300, ਮੁੱਖ ਸੇਵਾਦਾਰ ਸ. ਗੁਰਪਾਲ ਸਿੰਘ ਨਰਾਇਣਗੜ੍ਹ, ਮੋਬਾ. ਨੰ. 94161-35379, 94167-30001

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਅਗਸਤ ਮਹੀਨੇ ਦੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

**ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ:-**

1. ਮੈਡੀਕਲ ਓ.ਪੀ.ਡੀ. - 115
2. ਮੈਡੀਕਲ ਲੈਬ - 52
3. ਡੈਂਟਲ ਕਲੀਨਿਕ - 59

**ਮੈਡੀਕਲ ਕੈਂਪ ਬਾਰੇ** :- ਅਗਸਤ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 21 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ.** | **ਮਿਤੀ ਅਤੇ ਸਥਾਨ** | **ਮਰੀਜ਼** |
|---|---|---|
| 1. | 31-07-2019/ਉੱਜਲ ਮਾਜਰੀ | 32 |
| 2. | 01-08-2019/ਛੋਟੀ ਉੱਜਲ | 36 |
| 3. | 03-08-2019/ਕੱਥੇ ਮਾਜਰਾ (1) | 34 |
| 4. | 04-08-2019/ਕੱਥੇ ਮਾਜਰਾ (2) | 36 |
| 5. | 05-08-2019/ਮੁਗਲ ਮਾਜਰਾ | 30 |
| 6. | 06-08-2019/ਫਿਰੋਜ਼ਪੁਰ (1) | 35 |
| 7. | 07-08-2019/ਫਿਰੋਜ਼ਪੁਰ (2) | 32 |
| 8. | 08-08-2019/ਟੋਕਾ ਸਾਹਿਬ | 30 |
| 9. | 09-08-2019/ਟੱਪਰੀਆ | 32 |
| 10. | 10-08-2019/ਜਹੀਦੀਵਾਲਾ | 26 |
| 11. | 12-08-2019/ਡੇਰਾ | 20 |
| 12. | 16-08-2019/ਹੁਸੈਨੀਵਾਲਾ | 28 |
| 13. | 18-08-2019/ਲੁਬਾਣਾ ਭਵਨ ਨਰਾਇਣਗੜ੍ਹ | 22 |
| 14. | 19-08-2019/ਦੁਦਲੀ (1) | 32 |
| 15. | 20-08-2019/ਦੁਦਲੀ (2) | 32 |
| 16. | 22-08-2019/ਰਾਮਪੁਰ (1) | 30 |
| 17. | 23-08-2019/ਰਾਮਪੁਰ (2) | 30 |
| 18. | 24-08-2019/ਲਾਹਾ | 32 |
| 19. | 25-08-2019/ਮੀਰਜਾਪੁਰ | 30 |
| 20. | 26-08-2019/ਓਖਲ (1) | 32 |
| 21. | 27-08-2019/ਓਖਲ (2) | 32 |
| | ਕੁੱਲ | 643 |



**ਸ. ਜਗੀਰ ਸਿੰਘ ਲਾਲੀਆ**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ

ਕਿਰਪਾਲ ਸਿੰਘ ਰਿਸਰਚ ਸਕਾਲਰ



**ਕੇਂਦਰੀ ਰਾਜ ਪ੍ਰਬੰਧ** - ਮਹਾਰਾਜੇ ਦਾ ਕੇਂਦਰੀ ਰਾਜ ਪ੍ਰਬੰਧ ਅਨੇਕਾਂ ਮਹਿਕਮਿਆਂ ਵਿਚ ਵੰਡਿਆ ਹੋਇਆ ਸੀ ਜਿਨ੍ਹਾਂ ਦਾ ਪ੍ਰਬੰਧ ਯੋਗ ਵਿਅਕਤੀਆਂ ਦੇ ਹੱਥ ਹੁੰਦਾ ਸੀ। ਵੱਖ-ਵੱਖ ਇਤਿਹਾਸਕਾਰ ਇਨ੍ਹਾਂ ਮਹਿਕਮਿਆਂ ਦੀ ਗਿਣਤੀ ਵੱਖ-ਵੱਖ ਦੱਸਦੇ ਹਨ। ਸ਼ੁਰੂ-ਸ਼ੁਰੂ ਵਿਚ ਵੱਖ-ਵੱਖ ਮਹਿਕਮਿਆਂ ਦੇ ਮੁਖੀਆਂ ਦੇ ਨਾਂ ਉਨ੍ਹਾਂ ਨਾਲ ਸਬੰਧਤ ਮਹਿਕਮਿਆਂ ਦੀਆਂ ਮੋਹਰਾਂ ਉੱਪਰ ਵੀ ਉਕਰੇ ਹੁੰਦੇ ਅਤੇ ਅਕਸਰ ਉਨ੍ਹਾਂ ਦੇ ਨਾਂ ਨਾਲ ਪ੍ਰਚਲਿਤ ਹੁੰਦੇ ਸਨ। ਜਿਸ ਤਰ੍ਹਾਂ ਅਸੀਂ ਇਸ ਗੱਲ ਤੋਂ ਜਾਣੂੰ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਂਗਡੋਰ ਸੰਨ 1790 ਵਿਚ ਸੰਭਾਲੀ, ਉਦੋਂ ਉਸ ਦੀ ਉਮਰ ਸਿਰਫ਼ ਦਸ ਕੁ ਸਾਲ ਦੀ ਸੀ। ਮਿਸਲ ਦੇ ਸਾਰੇ ਪ੍ਰਬੰਧ ਅਤੇ ਉਸ ਦੀ ਦੇਖ ਰੇਖ ਦੀਵਾਨ ਲਖਪਤ ਰਾਏ ਪਾਸ ਸੀ ਜੋ ਸਰਦਾਰ ਮਹਾਂ ਸਿੰਘ (ਮਹਾਰਾਜਾ ਦੇ ਪਿਤਾ) ਦੇ ਵੇਲੇ ਤੋਂ ਹੀ ਉਸ ਅਹੁਦੇ 'ਤੇ ਤੈਨਾਤ ਸੀ। ਉਸ ਨੇ ਆਪਣੀ ਯੋਗਤਾ ਅਤੇ ਸਮਝਦਾਰੀ ਨਾਲ ਮਿਸਲ ਦੇ ਪ੍ਰਬੰਧ ਨੂੰ ਬਾਖ਼ੂਬੀ ਚਲਾਇਆ। ਜਦੋਂ ਮਹਾਰਾਜਾ ਰਣਜੀਤ ਸਿੰਘ ਸਤਾਰਾਂ ਸਾਲਾਂ ਦਾ ਹੋਇਆ, ਉਦੋਂ ਉਸ ਨੇ ਮਿਸਲ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਆਪਣੇ ਹੱਥਾਂ ਵਿਚ ਲੈ ਲਈ ਸੀ।

'ਦੀਵਾਨ' ਤੋਂ ਇਲਾਵਾ, 'ਤੋਸ਼ਾਖਾਨੀਆ' ਦਾ ਅਹੁਦਾ ਵੀ ਅਹਿਮੀਅਤ ਵਾਲਾ ਮੰਨਿਆ ਜਾਂਦਾ ਸੀ। ਇਸ ਅਹੁਦੇ ਉਤੇ ਮਿਸਰ ਬਸਤੀ ਰਾਮ ਮਹਾਰਾਜੇ ਦੇ ਦਾਦੇ ਦੇ ਵੇਲੇ ਤੋਂ ਕੰਮ ਕਰ ਰਿਹਾ ਸੀ। ਮਿਸਰ ਬਸਤੀ ਰਾਮ ਨੂੰ ਕੰਮਕਾਰ ਵਿਚ ਲੋੜ ਲੈਣ 'ਤੇ ਜੱਸਾ ਮਿਸਰ ਸਾਥ ਦਿੰਦਾ ਸੀ ਅਤੇ ਉਸ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਗੁਰਮੁਖ ਸਿੰਘ ਨਾਂ ਦੇ ਇਕ ਆਦਮੀ ਨੂੰ ਸਹਾਇਕ ਦੇ ਤੌਰ 'ਤੇ ਤਾਇਨਾਤ ਕੀਤਾ ਹੋਇਆ ਸੀ। ਇਹ ਮਹਾਰਾਜੇ ਦਾ ਬਹੁਤ ਹੀ ਵਿਸ਼ਵਾਸ-ਪਾਤਰ ਮਿੱਤਰ ਸੀ। ਸੰਨ 1780 ਵਿਚ ਇਸ ਦੇ ਚਾਚੇ ਬਸਤੀ ਰਾਮ ਤੋਸ਼ਾਖਾਨੀਏ ਨੇ ਇਸ ਨੂੰ ਸਰਦਾਰ ਮਹਾਂ ਸਿੰਘ ਦੀ ਸੇਵਾ ਵਿਚ ਪੇਸ਼ ਕੀਤਾ ਸੀ ਉਦੋਂ ਗੁਰਮੁਖ ਸਿੰਘ ਅੱਠਾਂ ਸਾਲਾਂ ਦਾ ਸੀ, ਜਦੋਂ ਉਸੇ ਸਾਲ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਉਦੋਂ ਤੋਂ ਇਸ ਨੂੰ ਮਹਾਰਾਜੇ ਦਾ ਸਾਥੀ ਬਣਾ ਦਿੱਤਾ ਗਿਆ। ਸੰਨ 1799 ਵਿਚ ਲਾਹੌਰ ਫਤਹਿ ਕਰਨ ਸਮੇਂ ਇਹ ਮਹਾਰਾਜੇ ਦੇ ਨਾਲ ਸੀ। ਮਹਾਰਾਜੇ ਨੇ ਫੌਜੀਆਂ ਨੂੰ ਤਨਖਾਹਾਂ ਦੇਣ ਵਾਸਤੇ ਇਸ ਦੀ ਜ਼ਿੰਮੇਵਾਰੀ ਲਾਈ ਅਤੇ ਲਾਹੌਰ ਵਿਚੋਂ ਜੋ ਵੀ ਮਾਲ ਪ੍ਰਾਪਤ ਹੋਇਆ ਉਸ ਦੀ ਦੇਖ-ਰੇਖ ਅਤੇ ਲੇਖਾ-ਜੋਖਾ ਇਸ ਦੇ ਪਾਸੋਂ ਕਰਵਾਇਆ।

**ਮਹਿਕਮਿਆਂ ਦੀ ਵੰਡ** - ਲਾਹੌਰ 'ਤੇ ਕਬਜ਼ਾ ਹੋ ਜਾਣ ਤੋਂ ਬਾਅਦ ਮਹਾਰਾਜੇ ਨੇ ਆਪਣੀਆਂ ਫੌਜੀ ਕਾਰਵਾਈਆਂ ਵੱਲ ਧਿਆਨ ਵੱਧ ਦਿੱਤਾ ਅਤੇ ਨਾਗਰਿਕ ਪ੍ਰਸ਼ਾਸਨ ਵੱਲ ਘੱਟ, ਕਿਉਂਕਿ ਸਮੇਂ ਦੀ ਮੰਗ ਅਨੁਸਾਰ ਉਸ ਨੂੰ ਫੌਜਾਂ ਅਤੇ ਅਸਲੇ ਦੀ ਜ਼ਿਆਦਾ ਜ਼ਰੂਰਤ ਸੀ। ਫੌਜੀ ਖਰਚਿਆਂ ਦੀ ਪੂਰਤੀ ਲਈ ਉਸ ਨੂੰ ਪਹਿਲਾਂ ਤੋਂ ਹੀ ਪ੍ਰਚਲਤ ਮੁਗਲੀਆ ਟੈਕਸ ਪ੍ਰਣਾਲੀ 'ਤੇ ਨਿਰਭਰ ਰਹਿਣਾ ਪਿਆ। ਭਾਵੇਂ ਉਸ ਨੇ ਕੁਝ ਫੌਰਨ ਤਬਦੀਲੀਆਂ ਵੀ ਕੀਤੀਆਂ, ਜਿਸ ਤਹਿਤ ਕਈ ਅਯੋਗ ਅਤੇ ਵਾਧੂ ਟੈਕਸ ਹਟਾ ਲਏ। ਉਸ ਦੀਆਂ ਫੌਜੀ ਮੁਹਿੰਮਾਂ ਵਿਚ ਸਫਲਤਾ ਅਤੇ ਰਾਜਨੀਤਿਕ ਸਥਿਰਤਾ ਤਾਂ ਹੀ ਸੰਭਵ ਹੋ ਸਕਦੀਆਂ ਸਨ ਜੇਕਰ ਉਸ ਪਾਸ ਵਿੱਤੀ ਵਸੀਲੇ ਭਰਪੂਰ ਹੁੰਦੇ। ਇਸ ਕਰਕੇ ਸਮਾਂ ਆਉਣ 'ਤੇ ਰਾਜ ਦਾ ਅਧਿਕਾਰ ਖੇਤਰ ਵਧ ਜਾਣ ਕਰਕੇ ਉਸ ਨੇ ਮਾਲੀਏ ਅਤੇ ਹੋਰ ਦੂਜੇ ਦਫਤਰਾਂ ਨਾਲ ਸਬੰਧਿਕ ਕੰਮਕਾਰ ਵੱਧ ਜਾਣ ਕਰਕੇ ਨਵੀਂ ਵਿਉਂਤ-ਬੰਦੀ ਨਾਲ ਦਫਤਰੀ ਨਿਜ਼ਾਮ ਠੀਕ ਕਰਨ ਦਾ ਉਪਰਾਲਾ ਕੀਤਾ। ਮਹਾਰਾਜੇ ਵੱਲੋਂ ਸਥਾਪਿਤ ਵੱਖ-ਵੱਖ ਦਫ਼ਤਰਾਂ ਅਤੇ ਮਹਿਕਮਿਆਂ ਦੇ ਕੰਮਕਾਰ ਅਤੇ ਪ੍ਰਣਾਲੀ ਨੂੰ ਸੁਚਾਰੂ ਰੂਪ ਨਾਲ ਚਲਾਉਣ ਖਾਤਰ ਮਹਾਰਾਜੇ ਨੇ ਕੁਝ ਮਹਿਕਮਿਆਂ ਨੂੰ ਉਨ੍ਹਾਂ ਨਾਲ ਸਬੰਧਿਤ ਮਾਹਿਰ ਵਿਅਕਤੀਆਂ ਦੇ ਸਪੁਰਦ ਕੀਤਾ। ਇਸ ਦਾ ਕੁਝ ਵੇਰਵਾ ਇਸ ਤਰ੍ਹਾਂ ਹੈ -

**ਸਰਿਸ਼ਟਾ-ਏ-ਹਜ਼ੂਰ** - ਮਹਾਰਾਜੇ ਨੇ ਸੰਨ 1803 ਵਿਚ ਸਰਿਸ਼ਟਾ-

ਏ-ਹਜ਼ੂਰ ਨਾਂ ਦਾ ਮਹਿਕਮਾ ਸਥਾਪਿਤ ਕੀਤਾ। ਇਸ ਦਾ ਮੁਖੀ ਦੀਵਾਨ ਦੇਵੀ ਦਾਸ ਨੂੰ ਬਣਾਇਆ ਗਿਆ। ਇਸ ਗੱਲ ਦੀ ਜਾਣਕਾਰੀ ਸਾਨੂੰ ਮਹਿਕਮੇ ਦੀ ਉਸ ਮੋਹਰ ਉਤੇ ਉਕਰੇ ਅੱਖਰਾਂ ਤੋਂ ਮਿਲਦੀ ਹੈ ਜਿਸ ਉੱਤੇ "ਅਜ਼ ਕਿਰਾਰ-ਏ-ਹੁਕਮ-ਏ ਅਸ਼ਰਫ 1218" (ਸੰਨ 1804) "ਸਾਬਤ ਸਰਿਸ਼ਟਾ-ਏ-ਹਜ਼ੂਰ ਸ਼ੁਧ" ਦਰਜ ਹੈ। ਇਸ ਦਫ਼ਤਰ ਵੱਲੋਂ ਤਨਖਾਹਾਂ ਦੇ ਵੇਰਵਿਆਂ ਦੇ ਕਾਗ਼ਜ਼ ਸਿੱਧੇ ਮਹਾਰਾਜੇ ਅੱਗੇ ਉਨ੍ਹਾਂ ਦੀ ਪ੍ਰਵਾਨਗੀ ਲਈ ਰੱਖੇ ਜਾਂਦੇ ਸਨ ਅਤੇ ਪ੍ਰਵਾਨਗੀ ਤੋਂ ਬਾਅਦ ਉਨ੍ਹਾਂ ਨੂੰ ਮੋਹਰਬੰਦ ਕਰ ਦਿੱਤਾ ਜਾਂਦਾ ਸੀ। ਇਹ ਤਰੀਕਾ ਮਿਸਲਾਂ ਦੇ ਵੇਲੇ ਤੋਂ ਚੱਲਦਾ ਆ ਰਿਹਾ ਸੀ ਅਤੇ ਅਜੇ ਇਸ ਵਿਚ ਕੋਈ ਖਾਸ ਤਬਦੀਲੀ ਨਹੀਂ ਕੀਤੀ ਗਈ ਸੀ।

**ਦਫ਼ਤਰ-ਏ-ਦੇਵੀ ਦਾਸ** - ਇਹ ਦਫ਼ਤਰ ਵੀ ਹਜ਼ੂਰ ਦਫ਼ਤਰ ਦੇ ਨਾਲ ਹੀ ਸ਼ੁਰੂ ਕਰ ਦਿੱਤਾ ਗਿਆ ਸੀ। ਇਹ ਇਕ ਤਰ੍ਹਾਂ ਸਰਕਾਰ ਦਾ ਮੁੱਖ ਵਿੱਤ ਵਿਭਾਗ ਸੀ। ਇਸ ਦਫ਼ਤਰ ਦੀ ਮੋਹਰ ਉਤੇ "ਨਵਿਸ਼ਟਾ ਸ਼ੁੱਧ" ਉਕਰਿਆ ਹੋਇਆ ਸੀ। ਸ਼ੁਰੂ ਵਿਚ ਇਸ ਦਫ਼ਤਰ ਦੇ ਮੁਖੀ ਦੀਵਾਨ ਦੇਵੀ ਦਾਸ ਅਤੇ ਦੀਵਾਨ ਭਵਾਨੀ ਦਾਸ ਸਨ ਅਤੇ ਉਹ ਆਪਸ ਵਿਚ ਸਕੇ ਭਰੇ ਸਨ। ਦੋਵਾਂ ਭਰਾਵਾਂ ਨੇ ਦਫਤਰੀ ਕੰਮਕਾਰ ਨੂੰ ਬਹੁਤ ਯੋਗ ਤਰੀਕੇ ਨਾਲ ਚਲਾਇਆ ਅਤੇ ਮਹਾਰਾਜੇ ਨੂੰ ਸੰਭਾਵੀ ਵਿੱਤੀ ਸੰਕਟ ਵਿਚੋਂ ਬਹੁਤ ਮਿਹਨਤ ਨਾਲ ਕੱਢਿਆ ਕਿਉਂਕਿ ਸੰਨ 1799 ਤੋਂ 1809 ਤੱਕ ਦੀਆਂ ਫੌਜੀ ਮੁਹਿੰਮਾਂ ਕਰਕੇ ਖ਼ਾਲਸਾ ਰਾਜ ਦਾ ਸਾਲਾਨਾ ਬਜਟ ਬਹੁਤ ਘਾਟੇ ਵਾਲਾ ਹੋ ਗਿਆ ਸੀ। ਜਿਸ ਨੂੰ ਪੂਰਾ ਕਰਨ ਲਈ ਮਹਾਰਾਜੇ ਨੂੰ ਅੰਮ੍ਰਿਤਸਰ ਦੇ ਇਕ ਅਮੀਰ ਵਿਆਜੜੀਏ ਸਰਾਫ ਰਾਮਾਨੰਦ ਪਾਸੋਂ ਜਾਇਦਾਦਾਂ ਗਹਿਣੇ ਰੱਖ ਕੇ ਵਿਆਜ ਉੱਪਰ ਕਰਜ਼ਾ ਲੈਣਾ ਪਿਆ ਸੀ।

**ਨਕਲ ਦਫ਼ਤਰ** - ਉਪਰੋਕਤ ਦਫ਼ਤਰਾਂ ਦੀ ਕਾਇਮੀ ਦੇ ਨਾਲ ਹੀ ਇਕ "ਨਕਲ ਦਫ਼ਤਰ" ਵੀ ਕਾਇਮ ਕੀਤਾ ਗਿਆ, ਜਿਸ ਵਿਚ ਹਰ ਸਰਕਾਰੀ ਕੰਮਕਾਰ ਦੇ ਦਸਤਾਵੇਜ਼ ਸਾਂਭ ਕੇ ਰੱਖੇ ਹੁੰਦੇ ਅਤੇ ਉਨ੍ਹਾਂ ਦੀਆਂ ਫਰਦਾਂ (ਨਕਲਾਂ) ਸੀਲਬੰਦ ਕਰਕੇ ਰੱਖੀਆਂ ਹੁੰਦੀਆਂ ਸਨ।

**ਸ਼ਰਿਸ਼ਟਾ-ਏ-ਦੀਵਾਨੀ** - ਇਹ ਦਫ਼ਤਰ ਸੰਨ 1807-08 ਵਿਚ ਸਥਾਪਿਤ ਕੀਤਾ ਗਿਆ ਅਤੇ ਇਸ ਦਾ ਮੁਖੀ ਕਿਰਪਾ ਰਾਮ ਸੀ। ਇਹ ਜਾਣਕਾਰੀ ਸਾਨੂੰ ਉਸ ਸਮੇਂ ਇਸ ਦਫ਼ਤਰ ਵੱਲੋਂ ਤਨਖਾਹਾਂ ਦੇ ਕਾਗ਼ਜ਼ਾਂ ਉੱਤੇ ਲੱਗੀਆਂ ਮੋਹਰਾਂ ਨੂੰ ਪੜ੍ਹਨ ਤੋਂ ਮਿਲਦੀ ਹੈ। ਇਨ੍ਹਾਂ ਉਤੇ "ਸ਼ਰਿਸ਼ਟਾ-ਏ-ਦੀਵਾਨੀ" "ਕਿਰਪਾ ਰਾਮ, 1864" ਉਕਰਿਆ ਹੋਇਆ ਹੈ। ਇੰਜ ਲੱਗਦਾ ਹੈ ਕਿ ਇਹ ਸਾਰੇ ਦਫ਼ਤਰ (ਸੰਮਤ 1866) ਸੰਨ 1808 ਵਿਚ ਭਵਾਨੀ ਦਾਸ ਦੀ ਨਿਯੁਕਤੀ ਤੋਂ ਪਹਿਲਾਂ ਹੀ ਸਥਾਪਿਤ ਸਨ। ਕਿਰਪਾ ਰਾਮ ਦੀ ਇਸ ਮੋਹਰ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਨੇ ਹਿਜ਼ਰੀ ਤਾਰੀਖ ਲਿਖਣ ਦੀ ਬਜਾਏ ਬਿਕਰਮੀ ਦੀ ਵਰਤੋਂ ਸ਼ੁਰੂ ਕੀਤੀ ਸੀ।

**ਸਰਿਸ਼ਟਾ-ਏ-ਭਵਾਨੀਦਾਸ** - ਇਹ ਦਫ਼ਤਰ ਸੰਨ 1808 (ਸੰਮਤ 1865) ਵਿਚ ਬਣਾਇਆ ਗਿਆ ਅਤੇ ਇਹ ਮਾਲ-ਮੰਤਰੀ ਭਵਾਨੀ ਦਾਸ ਦੇ ਤਹਿਤ ਕੰਮ ਕਰਦਾ ਸੀ। ਭਵਾਨੀ ਦਾਸ ਦੇ ਕੰਮ ਨੂੰ ਅੱਗੇ ਵਧਾਉਣ ਅਤੇ ਉਸ ਵਿਚ ਸਹਾਇਤਾ ਦੇਣ ਹਿਤ ਮਹਾਰਾਜੇ ਨੇ ਸੰਮ 1817 ਵਿਚ ਗੰਗਾ ਰਾਮ ਪੰਡਿਤ ਨੂੰ ਉਸ ਦਾ ਸਹਾਇਕ ਨਿਯੁਕਤ ਕੀਤਾ। ਇਸ ਨੂੰ ਫੌਜੀ ਦਫ਼ਤਰ ਦਾ ਮੁਖੀ ਬਣਾਇਆ ਅਤੇ ਉਸ ਨਾਲ ਸਬੰਧਿਤ ਮੋਹਰਾਂ ਵੀ ਦਿੱਤੀਆਂ। ਉਸ ਦੇ ਦਫ਼ਤਰ ਨੂੰ "ਦਫ਼ਤਰ-ਏ-ਗੰਗਾ ਰਾਮ" ਕਿਹਾ ਜਾਂਦਾ ਸੀ। ਇਸ ਨੂੰ "ਫੌਜ-ਏ-ਬੇਕਵਾਇਦ" ਨੂੰ ਤਨਖਾਹਾਂ ਅਦਾ ਕਰਨ ਦੀ ਜ਼ਿੰਮੇਵਾਰੀ ਦਿੱਤੀ ਹੋਈ ਸੀ। ਉਸ ਨੇ ਦੀਵਾਨ ਭਵਾਨੀ ਦਾਸ ਦੀ ਸਹਾਇਤਾ ਨਾਲ ਕੰਮ ਕਰਦਿਆਂ ਮਹਾਰਾਜੇ ਦੇ ਫੌਜੀ ਹਿਸਾਬ ਕਿਤਾਬ ਵਿਚ ਬਹੁਤ ਸ਼ਲਾਘਾਯੋਗ ਸੁਧਾਰ ਕੀਤੇ। ਸੰਨ 1826 ਵਿਚ ਗੰਗਾ ਰਾਮ ਦੀ ਮੌਤ ਤੋਂ ਬਾਅਦ ਦੀਨਾ ਨਾਥ ਨੂੰ ਮਹਿਕਮੇ ਦਾ ਮੁਖੀ ਬਣਾਇਆ ਗਿਆ। ਉਸ ਨੇ ਆਪਣੇ ਕੰਮ ਵਿਚ ਇਤਨੀ ਕੁਸ਼ਲਤਾ ਵਿਖਾਈ ਕਿ ਸੰਨ 1834 ਵਿਚ ਭਵਾਨੀ ਦਾਸ ਦੀ ਮੌਤ ਤੋਂ ਬਾਅਦ ਉਸ ਨੂੰ ਵਿੱਤ ਮੰਤਰੀ ਬਣਾ ਦਿੱਤਾ ਗਿਆ। ਉਸ ਤੋਂ ਇਲਾਵਾ ਕਈ ਦੂਜੇ ਦਫ਼ਤਰ ਵੀ ਬਣਾਏ ਗਏ ਜਿਨ੍ਹਾਂ ਵਿਚੋਂ "ਦਫ਼ਤਰ ਤੋਸ਼ਾਖਾਨਾ-ਏ-ਖਾਸ" ਦਾ ਮੁਖੀ ਮਿਸਰ ਬੇਲੀ ਰਾਮ ਸੀ। "ਦਫ਼ਤਰ-ਏ-ਦਰੋਗਾ", "ਦਫ਼ਤਰ-ਏ-ਮੋਹਰਯਾਨੀ", "ਦਫ਼ਤਰ-ਏ-ਖਾਸ" ਅਤੇ "ਦਫਤਰ-ਏ-ਰੋਜ਼ਨਾਮਚਾ" ਵੀ ਸਰਕਾਰੀ ਕੰਮਾਂ ਦਾ ਨਿਪਟਾਰਾ ਕਰਦੇ ਸਨ। ਇਸ ਤਰ੍ਹਾਂ ਦਫ਼ਤਰਾਂ ਦਾ ਇਕ ਅਜਿਹਾ ਕੁਸ਼ਲ ਢਾਂਚਾ ਤਿਆਰ ਕੀਤਾ ਹੋਇਆ ਸੀ ਕਿ ਸਰਕਾਰੀ ਖਜ਼ਾਨੇ ਦੀ ਇਕ ਪਾਈ ਵੀ ਬਗੈਰ ਲਿਖਤ ਪੜ੍ਹਤ ਤੋਂ ਖਰਚ ਨਹੀਂ ਹੁੰਦੀ ਸੀ।

**ਕੇਂਦਰੀ ਵਿੱਤ ਮਹਿਕਮਾ** - ਜਦੋਂ ਸੰਨ 1808 ਵਿਚ ਮਹਾਰਾਜੇ ਨੇ ਦੀਵਾਨ ਭਵਾਨੀ ਦਾਸ ਨੂੰ ਇਸ ਦਾ ਮੁਖੀ ਬਣਾਇਆ ਉਦੋਂ ਤੋਂ ਹੀ ਰਾਜ ਦਾ ਵਿੱਤ ਵਿਭਾਗ ਅਤੇ ਉਸ ਨਾਲ ਸਬੰਧਿਤ ਦਫ਼ਤਰ ਹੋਂਦ ਵਿਚ ਆ ਕੇ ਆਪੋ ਆਪਣੇ ਕੰਮਾਂ ਨੂੰ ਸੁਚਾਰੂ-ਢੰਗ ਨਾਲ ਚਲਾਉਣ ਲੱਗੇ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਨੇ ਭਵਿੱਖ ਦੀਆਂ ਯੋਜਨਾਵਾਂ ਨੂੰ ਬਹੁਤ ਪਹਿਲਾਂ (ਖ਼ਾਲਸਾ ਰਾਜ ਦੇ ਸ਼ੁਰੂਆਤੀ ਦੌਰ ਵਿਚ ਹੀ), ਯੋਜਨਾਬੱਧ ਕਰਨਾ ਸ਼ੁਰੂ ਕਰ ਦਿੱਤਾ ਸੀ। ਦੀਵਾਨ ਭਵਾਨੀ ਦਾਸ ਨੇ ਵਿੱਤੀ ਵਿਭਾਗ ਦੀ ਵੰਡ ਇਸ ਤਰ੍ਹਾਂ ਕੀਤੀ ਹੋਈ ਸੀ :

(1) **ਦਫ਼ਤਰ-ਏ-ਅਬਵਾਬ-ਉਲ-ਮਾਲ (ਦਫ਼ਤਰ-ਏ-ਮਾਲੀਆਤ)** : ਇਹ ਮਹਿਕਮਾ ਰਾਜ ਦੀ ਆਦਮੀ ਦੀ ਪ੍ਰਾਪਤੀ ਦੇ ਲੇਖੇ-ਜੋਖੇ ਨਾਲ ਸਬੰਧਤ ਸੀ ਅਤੇ ਇਹ ਅੱਗੇ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ : (ੳ) ਜਮ੍ਹਾਂ ਖਰਚ-ਏ-ਤਅਲੁਕਾਤ, (ਅ) ਜਮ੍ਹਾਂ ਖਰਚ-ਏ-ਸ਼ਾਇਰਤ। ਤਅਲੁਕਾਤ ਦਾ ਦਫ਼ਤਰ ਜ਼ਮੀਨੀ ਆਮਦਨ (ਮਾਲੀਏ) ਨਾਲ ਸਬੰਧਤ ਸੀ ਅਤੇ ਸਾਇਰਤ ਦੂਜੇ ਆਮਦਨ ਦੇ ਵਸੀਲਿਆਂ, ਜਿਵੇਂ 'ਨਜ਼ਰਾਨੇ', 'ਜ਼ਬਤੀਆਂ', 'ਆਬਕਾਰੀ ਵਜੁਹਾਤ-ਏ-ਮੁਕਰਰੀ' ਅਤੇ 'ਚੌਕੀਆਤ' ਤੋਂ ਹੋਣ ਵਾਲੀ ਆਮਦਨ ਦਾ ਲੇਖਾ-ਜੋਖਾ ਕਰਦਾ ਸੀ।

(2) **ਦਫ਼ਤਰ-ਏ-ਅਬਵਾਬ-ਉਲ-ਤਾਹਵਿਲ** - ਇਸ ਦਫ਼ਤਰ ਦਾ ਸਿੱਧਾ ਸਬੰਧ ਮਾਲ ਦੇ ਦਫ਼ਤਰ ਨਾਲ ਸੀ। ਇਸ ਵਿਚ ਵੱਖ-ਵੱਖ ਸਰਕਾਰੀ ਅਧਿਕਾਰੀਆਂ ਵੱਲੋਂ ਕੀਤੇ ਜਮ੍ਹਾਂ ਖਰਚ ਦਾ ਵੇਰਵਾ ਰੱਖਿਆ ਜਾਂਦਾ ਸੀ। ਇਸ ਦਫ਼ਤਰ ਤਹਿਤ ਕੰਮ ਕਰਨ ਵਾਲੇ ਆਦਮੀਆਂ ਨੂੰ ਖਜ਼ਾਨਚੀ ਜਾਂ ਰੋਕੜੀਏ ਕਿਹਾ ਜਾਂਦਾ ਸੀ। ਇਹ ਉਹ ਆਦਮੀ ਜਾਂ ਅਧਿਕਾਰੀ ਸਨ ਜਿਨ੍ਹਾਂ ਪਾਸ ਸਰਕਾਰੀ ਖਜ਼ਾਨਾ ਜਮ੍ਹਾਂ ਕੀਤਾ ਹੁੰਦਾ ਸੀ ਅਤੇ ਲੋੜ ਪੈਣ 'ਤੇ ਕਢਵਾ ਲਿਆ ਜਾਂਦਾ। ਇਹ ਦਫ਼ਤਰ ਸੰਨ 1808 ਵਿਚ ਦੀਵਾਨ ਭਵਾਨੀ ਦਾਸ ਨੇ ਕਾਇਮ ਕੀਤਾ ਪਰ ਸਮਾਂ ਪੈਣ 'ਤੇ ਇਸ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ।

**(ਚਲਦਾ)**

# ਪ੍ਰਫੁਲਤ ਜੀਵਨ ਦਾ ਘੁਣ ਹੈ ਸ਼ਰਾਬ

ਡਾ. ਰਜਿੰਦਰ ਸਿੰਘ



ਨਸ਼ਿਆਂ ਦਾ ਸੇਵਨ ਅਜੋਕੀ ਗੰਭੀਰ ਵਿਸ਼ਵ-ਵਿਆਪੀ ਸਮਾਜਕ ਸਮੱਸਿਆ ਹੈ। ਸ਼ਰਾਬ ਤੇ ਤੰਬਾਕੂ ਸਭ ਤੋਂ ਵੱਧ ਪ੍ਰਚੱਲਿਤ ਤੇ ਸਮਾਜ ਵੱਲੋਂ ਸਵੀਕਾਰੇ ਹੋਏ ਨਸ਼ੇ ਹਨ। ਇਨ੍ਹਾਂ ਦੇ ਇਸਤੇਮਾਲ ਨੂੰ ਕੋਈ ਵੱਡਾ ਐਬ ਨਹੀਂ ਸਮਝਿਆ ਜਾਂਦਾ, ਸਗੋਂ ਵਿਅਕਤੀਗਤ ਤੇ ਸਮੂਹਿਕ ਮਨੋਰੰਜਨ ਦੇ ਸਾਧਨ ਦੇ ਰੂਪ ਵਿਚ ਇਨ੍ਹਾਂ ਨੂੰ ਅਪਣਾਇਆ ਜਾਂਦਾ ਹੈ।

ਸ਼ਰਾਬ ਵਿਚਲਾ ਨਸ਼ੀਲਾ ਤੱਤ ਈਥਾਈਲ ਅਲਕੋਹਲ ਹੈ, ਜਿਸ ਨੂੰ ਆਮ ਬੋਲੀ ਵਿਚ ਕੇਵਲ ਅਲਕੋਹਲ ਵੀ ਆਖਿਆ ਜਾਂਦਾ ਹੈ। ਆਮ ਵਰਤੀਆਂ ਜਾਣ ਵਾਲੀਆਂ ਸ਼ਰਾਬ ਦੀਆਂ ਕਿਸਮਾਂ ਵਿਚ ਅਲਕੋਹਲ ਦੀ ਮਾਤਰਾ ਇਸ ਪ੍ਰਕਾਰ ਹੈ:

| | |
|---|---|
| ਦੇਸੀ ਸ਼ਰਾਬ (ਦਾਰੂ ਜਾਂ ਅਰਕ) | 50-60% |
| ਵਿਸਕੀ, ਬਰਾਂਡੀ, ਰੱਮ | 40-50% |
| ਸ਼ੈਂਪੇਨ | 15-22% |
| ਬੀਅਰ | 6-8% |
| ਤਾੜੀ | 5-10% |

**ਸਰੀਰ ਵਿਚ ਸ਼ਰਾਬ ਦਾ ਪੰਧ** : ਪੀਤੀ ਸ਼ਰਾਬ ਦਾ 20% ਭਾਗ ਮੇਹਦੇ ਤੋਂ ਅਤੇ 80% ਛੋਟੀ ਆਂਦਰ ਤੋਂ ਜਜ਼ਬ ਹੋ ਕੇ ਲਹੂ ਵਿਚ ਪ੍ਰਵੇਸ਼ ਕਰਦਾ ਹੈ। ਕੇਵਲ 5 ਮਿੰਟ ਬਾਅਦ ਹੀ ਅਲਕੋਹਲ ਲਹੂ ਵਿਚ ਦਰਸਾਈ ਜਾ ਸਕਦੀ ਹੈ। ਘੰਟੇ ਕੁ ਬਾਅਦ ਇਸ ਦੀ ਪੱਧਰ ਸਿਖਰ 'ਤੇ ਹੁੰਦੀ ਹੈ ਅਤੇ ਜੇ ਪੀਣਾ ਜਾਰੀ ਨਾ ਰੱਖਿਆ ਜਾਏ ਤਾਂ ਫਿਰ ਸਹਿਜੇ-ਸਹਿਜੇ ਘਟਦੀ ਹੈ। ਲਹੂ ਰਾਹੀਂ ਅਲਕੋਹਲ ਸਰੀਰ ਦੇ ਸਾਰੇ ਅੰਗਾਂ ਵਿਚ ਪਹੁੰਚਦੀ ਤੇ ਉਨ੍ਹਾਂ ਦੀ ਹਾਨੀ ਕਰਦੀ ਹੈ। ਫੌਰੀ ਅਸਰ ਦਿਮਾਗ਼ 'ਤੇ ਹੁੰਦਾ ਹੈ। ਫਲਸਰੂਪ ਬੰਦਾ ਨਸ਼ਿਆ ਜਾਂਦਾ ਹੈ।

ਲਹੂ ਵਿਚਲੀ ਅਲਕੋਹਲ ਦਾ 95-98% ਭਾਗ ਲਗਭਗ 10 ਗ੍ਰਾਮ ਪ੍ਰਤੀ ਘੰਟਾ ਦੀ ਦਰ ਨਾਲ ਜਿਗਰ ਵਿਚ ਨਸ਼ਟ ਹੁੰਦਾ ਹੈ। ਬਾਕੀ ਜਿਉਂ ਦੀ ਤਿਉਂ ਪਿਸ਼ਾਬ, ਪਸੀਨੇ ਤੇ ਸਾਹ ਰਾਹੀਂ ਸਰੀਰ 'ਚੋਂ ਨਿਕਾਸ ਕਰਦੀ ਹੈ। ਤਾਂ ਹੀ ਤੇ ਸ਼ਰਾਬੀ ਦੇ ਸਾਹ ਵਿਚ ਇਸ ਦੀ ਬਦਬੂ ਹੁੰਦੀ ਹੈ। (10 ਗ੍ਰਾਮ ਅਲਕੋਹਲ = 1 ਔਂਸ ਵਿਸਕੀ, ਰੱਮ ਜਾਂ ਦੇਸੀ ਸ਼ਰਾਬ = 10 ਔਂਸ ਬੀਅਰ ਜਾਂ ਤਾੜੀ)

**ਨਸ਼ੇ ਦੀ ਸ਼ਿੱਦਤ** - ਇਹ ਲਹੂ ਵਿਚਲੀ ਅਲਕੋਹਲ-ਪੱਧਰ ਅਨੁਸਾਰ ਹੁੰਦੀ ਹੈ। ਤੇਜ਼ ਕਿਸਮ ਦੀ ਸ਼ਰਾਬ (ਵਿਸਕੀ, ਰੱਮ ਆਦਿ) ਪੀਣ, ਖਾਲੀ ਪੇਟ ਪੀਣ, ਛੇਤੀ-ਛੇਤੀ ਤੇ ਵੱਡੇ-ਵੱਡੇ ਘੁੱਟ ਭਰ ਕੇ ਪੀਣ, ਪਾਣੀ ਮਿਲਾਏ ਬਿਨਾਂ ਜਾਂ ਇਸ ਦੀ ਥਾਂ ਸੋਡਾ ਰਲਾਉਣ ਅਤੇ ਜ਼ਿਆਦਾ ਮਿਕਦਾਰ ਵਿਚ ਪੀਣ 'ਤੇ ਨਸ਼ਾ ਛੇਤੀ ਤੇ ਵਧੀਕ ਹੁੰਦਾ ਹੈ।

ਪੁਰਾਣੇ ਪਿਆਕੜਾਂ ਵਿਚ ਉਚੇਰੀ ਪੱਧਰ 'ਤੇ ਵੀ ਨਸ਼ਾ ਮੁਕਾਬਲਤਨ ਘੱਟ ਹੁੰਦਾ ਹੈ।

**ਨਸ਼ੇ ਦੀ ਹਾਲਤ** : ਮਾਮੂਲੀ ਨਸ਼ੇ ਵਿਚ ਬੰਦਾ ਬੇਫ਼ਿਕਰਾ, ਨਿਸ਼ੰਗ ਅਤੇ ਪ੍ਰਸੰਨ-ਚਿੱਤ ਮਹਿਸੂਸ ਕਰਦਾ ਹੈ। ਮਿਜਾਜ ਖੁੱਲ੍ਹਾ-ਡੁੱਲ੍ਹਾ ਹੋ ਜਾਂਦਾ ਹੈ।

ਜਿਉਂ-ਜਿਉਂ ਨਸ਼ਾ ਵਧਦਾ ਹੈ, ਆਪਣੇ ਵਿਹਾਰ 'ਤੇ ਕਾਬੂ ਘਟਦਾ ਜਾਂਦਾ ਹੈ। ਬੇਤੁਕੀਆਂ ਗੱਲਾਂ ਕਰਨ, ਰੌਲਾ ਪਾਉਣ, ਬੇਮਤਲਬ ਹੱਸਣ, ਫੜ੍ਹਾਂ ਾਰਨ ਤੇ ਟਿਚਕਰਾਂ ਕਰਨ ਦਾ ਰੁਝਾਨ ਹੁੰਦਾ ਹੈ। ਨਸ਼ੇ ਵਿਚ ਬੰਦਾ ਬੇਹੂਦਾ ਹਰਕਤਾਂ, ਝਗੜੇ, ਹਿੰਸਾ ਤੇ ਹੋਰ ਅਪਰਾਧ ਵੀ ਕਰ ਬੈਠਦਾ ਹੈ। ਬੋਲ ਥੁੱਲ੍ਹਾ ਤੇ ਅਸਪਸ਼ਟ ਹੋ ਜਾਂਦਾ ਹੈ ਤੇ ਚਾਲ ਲੜਖੜਾ ਜਾਂਦੀ ਹੈ। ਅਕਸਰ ਕੁਝ ਦੇਰ ਬਾਅਦ ਉਹ ਗਹਿਰੀ ਨੀਂਦ ਸੌਂ ਜਾਂਦਾ ਹੈ। ਕਈ ਰਾਹ ਵਿਚ ਜਾਂ ਨਾਲੀਆਂ ਵਿਚ ਡਿੱਗੇ ਪਏ ਹੁੰਦੇ ਹਨ। ਹੱਦੋਂ ਵੱਧ ਨਸ਼ੇ ਵਿਚ ਸਰਸਾਮ ਦੀ ਹਾਲਤ ਜਾਂ ਗਹਿਰੀ ਬੇਹੋਸ਼ੀ ਛਾ ਜਾਂਦੀ ਹੈ। ਨਿਮਨਲਿਖਤ ਕਾਰਨਾਂ ਤੋਂ ਮੌਤ ਵੀ ਹੋ ਸਕਦੀ ਹੈ:

* ਅਚਾਨਕ ਸਾਹ ਰੁਕਣ ਕਾਰਨ।
* ਮਿਰਗੀ ਵਰਗੇ ਦੌਰੇ ਪੈਣ ਤੋਂ।
* ਬੇਹੋਸ਼ੀ ਵਿਚ ਉਲਟੀਆਂ ਹੋਣ ਅਤੇ ਸਾਹ ਨਲੀ ਵਿਚ ਦਾਖਲ ਹੋਣ ਕਾਰਨ।
* ਠੰਢ ਵਿਚ ਬਾਹਰ ਪਏ ਰਹਿ ਜਾਣ ਜਾਂ ਡਿੱਗਣ ਕਾਰਨ।
* ਜ਼ਹਿਰੀਲੀ (ਮੈਥੀਲੇਟਿਡ ਸਪਿਰਿਟ ਦੀ ਮਿਲਾਵਟ ਵਾਲੀ) ਸ਼ਰਾਬ ਪੀਣ ਤੋਂ ਬੰਦਾ ਅੰਨ੍ਹਾ ਹੋ ਜਾਂਦਾ ਹੈ ਤੇ ਮਰ ਵੀ ਸਕਦਾ ਹੈ।

**ਸ਼ਰਾਬ ਦਾ ਅਮਲ** : ਸ਼ਰਾਬਨੋਸ਼ੀ ਦੀ ਸ਼ੁਰੂਆਤ ਕਦੇ-ਕਦੇ ਜਾਂ ਨਿੱਤ ਪੀ ਕੇ ਵਾਧੂ ਝਿਜਕ ਤੇ ਤਣਾਓ ਦੂਰ ਕਰਨ ਅਤੇ ਝੱਟ ਘੜੀ ਖੁਸ਼ੀ ਤੇ ਆਨੰਦ ਮਾਨਣ ਦੇ ਉਦੇਸ਼ ਨਾਲ ਹੁੰਦੀ ਹੈ। ਬਹਿਕਣ ਅਤੇ ਮਦਹੋਸ਼ ਜਾਂ

ਬੇਕਾਬੂ ਹੋਣ ਦਾ ਮਨਸ਼ਾ ਕਦਾਚਿਤ ਨਹੀਂ ਹੁੰਦਾ।

ਇਸ ਤਰ੍ਹਾਂ ਸ਼ੌਕੀਆ ਪੀਣ ਵਾਲੇ ਹਰ ਦਸ ਬੰਦਿਆਂ ਵਿਚੋਂ ਘੱਟੋ-ਘੱਟ ਦੋ ਸਹਿਜੇ-ਸਹਿਜੇ ਸ਼ਰਾਬਨੋਸ਼ੀ ਉਤੇ ਆਪਣਾ ਸੰਜਮ ਤੇ ਕੰਟਰੋਲ ਗੁਆ ਬੈਠਦੇ ਹਨ। ਸ਼ਰਾਬ ਪੀਣਾ ਉਨ੍ਹਾਂ ਦੀ ਮਜਬੂਰੀ ਬਣ ਜਾਂਦੀ ਹੈ। ਪੀਤੇ ਬਿਨਾਂ ਨਾ ਤਾਂ ਉਨ੍ਹਾਂ ਨੂੰ ਚੈਨ ਪੈਂਦਾ ਹੈ ਅਤੇ ਨਾ ਹੀ ਹੱਡ ਜੁੜਦੇ ਹਨ। ਸ਼ਰਾਬ ਦੀ ਮਿਕਦਾਰ ਵੀ ਬਹੁਤ ਵਧ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਉਹ ਅਮਲੀ ਬਣ ਜਾਂਦੇ ਹਨ ਅਰਥਾਤ ਮਾਨਸਕ ਤੇ ਸਰੀਰਕ ਰੂਪ ਵਿਚ ਸ਼ਰਾਬ ਉੱਤੇ ਨਿਰਭਰ ਹੋ ਜਾਂਦੇ ਹਨ। ਅੱਗੇ ਚੱਲ ਕੇ ਇਸ ਆਦਤ ਕਾਰਨ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਜੀਵਨ ਨੂੰ ਕਸ਼ਟਮਈ ਬਣਾ ਦਿੰਦੀਆਂ ਹਨ। ਫਿਰ ਵੀ ਉਹ ਸ਼ਰਾਬ ਪੀਣ ਦਾ ਨਿੱਤ-ਨੇਮ ਜਾਰੀ ਰੱਖਦੇ ਹਨ।

ਮਾਨਸਕ ਨਿਰਭਰਤਾ ਦਾ ਅਰਥ ਹੈ, ਧਿਆਨ ਹਰ ਸਮੇਂ ਸ਼ਰਾਬ ਵਿਚ ਰਹਿਣਾ ਅਤੇ ਨਾ ਮਿਲਣ 'ਤੇ ਪੀਣ ਦੀ ਅਮੋੜ ਇੱਛਾ ਜਾਂ ਤਲਬ ਕਾਰਨ ਬੇਚੈਨ ਤੇ ਪਰੇਸ਼ਾਨ ਹੋਣਾ। ਸਰੀਰਕ ਨਿਰਭਰਤਾ ਤੋਂ ਭਾਵ ਹੈ ਸ਼ਰਾਬ ਬੰਦ ਕਰ ਦੇਣ 'ਤੇ ਨਿਮਨਲਿਖਤ ਤੋੜਾਂ ਲੱਗਣ ਕਾਰਨ ਦੁਖੀ ਹੋਣਾ :

* ਸਰੀਰ ਵਿਚ ਸਾਹ-ਸਤ ਨਾ ਰਹਿਣਾ। ਸਿਰ ਦਰਦ ਤੇ ਹੱਡ-ਭੰਨਣੀ ਹੋਣੀ।

* ਦਿਲ ਕੱਚਾ ਤੇ ਕਲੇਜਾ ਡਿੱਕ ਹੋਣ ਕਾਰਨ ਭੁੱਖ ਨਾ ਲੱਗਣਾ।

* ਹੱਥ ਤੇ ਸਰੀਰ ਕੰਬਣਾ।

* ਚਿੰਤਾ, ਚਿੜਚਿੜਾਪਨ, ਘਬਰਾਹਟ, ਤੇਜ਼ ਧੜਕਨ ਤੇ ਤਰੇਲੀਆਂ।

* ਨੀਂਦਰ ਨਾ ਆਉਣਾ।

5% ਮਾਮਲਿਆਂ ਵਿਚ ਖਤਰਨਾਕ ਲੱਛਣ ਵੀ ਪੈਦਾ ਹੋ ਸਕਦੇ ਹਨ : ਸਰੀਰ ਵਿਚ ਝਟਕੇ ਲੱਗਣਾ, ਦੌਰੇ ਪੈਣਾ, ਬਦ-ਹਵਾਸੀ ਜਾਂ ਨੀਮ-ਬੇਹੋਸ਼ੀ ਚਿ ਭੈ-ਭੀਤ ਹੋ ਕੇ ਚੀਕਾ ਮਾਰਨਾ ਤੇ ਉਠ-ਉਠ ਭੱਜਣਾ, ਤਰ੍ਹਾਂ-ਤਰ੍ਹਾਂ ਦੇ ਸ਼ੱਕ ਤੇ ਭਰਮ ਉਠਣੇ (ਜਿਵੇਂ ਬਿਸਤਰੇ ਵਿਚ ਚੂਹੇ ਦੌੜ ਰਹੇ ਹਨ ਜਾਂ ਕੀੜੇ ਤੇ ਸੱਪ ਰੀਂਗ ਰਹੇ ਹਨ, ਤੀਮਾਰਦਾਰ ਤੇ ਸਾਕ-ਸੰਬੰਧੀ ਉਸ ਨੂੰ ਮਾਰ ਮੁਕਾਉਣ ਦੇ ਮਨਸੂਬੇ ਬਣਾ ਰਹੇ ਹਨ, ਆਦਿ)।

ਉਪਰੋਕਤ ਤੋੜਾਂ 10-12 ਘੰਟੇ ਬਾਅਦ ਸ਼ੁਰੂ ਹੁੰਦੀਆਂ ਹਨ, ਤੀਜੇ ਚੌਥੇ ਦਿਨ ਸਿਖਰ 'ਤੇ ਅੱਪੜ ਕੇ ਘਟਣ ਲੱਗਦੀਆਂ ਹਨ ਤੇ ਹਫ਼ਤੇ ਕੁ ਬਾਅਦ ਖਤਮ ਹੋ ਜਾਂਦੀਆਂ ਹਨ। ਜੇ ਕਿਸੇ ਸਟੇਜ਼ 'ਤੇ ਸ਼ਰਾਬ ਪੀਣ ਨੂੰ ਮਿਲ ਜਾਏ ਤਾਂ ਤੁਰੰਤ ਗਾਇਬ ਹੋ ਜਾਂਦੀਆਂ ਹਨ।

ਜਿਉਂ-ਜਿਉਂ ਅਮਲ ਪੁਰਾਣਾ ਹੁੰਦਾ ਹੈ, ਸ਼ਰਾਬ 'ਚੋਂ ਆਨੰਦ-ਪ੍ਰਾਪਤੀ ਘਟਦੀ ਜਾਂਦੀ ਹੈ ਅਤੇ ਅੰਤ ਵਿਚ ਇਹ ਆਦਤ 'ਗੁਨਾਹ ਬੇ-ਲੱਜ਼ਤ' ਬਣ ਕੇ ਰਹਿ ਜਾਂਦੀ ਹੈ। ਹੁਣ ਤੋੜਾਂ ਤੋਂ ਬਚਣਾ ਹੀ ਸ਼ਰਾਬ ਪੀਣ ਦਾ ਮਕਸਦ ਰਹਿ ਜਾਂਦਾ ਹੈ।

ਅਜੋਕੀ ਸਾਇੰਸ ਸ਼ਰਾਬ (ਤੇ ਹੋਰ ਨਸ਼ੀਲੇ ਪਦਾਰਥਾਂ) ਦੇ ਅਮਲ ਨੂੰ ਚੌੜ ਨਹੀਂ, ਸਗੋਂ ਇਕ ਬੀਮਾਰੀ ਸਮਝਦੀ ਹੈ ਅਤੇ ਅਮਲੀ ਨੂੰ ਇਕ ਰੋਗੀ। ਉਸ ਦਾ ਮਨ ਅਤੇ ਸਰੀਰ ਕੁਝ ਇਸ ਤਰ੍ਹਾਂ ਸੁਰ ਹੋ ਚੁੱਕੇ ਹੁੰਦੇ ਹਨ ਕਿ ਨਸ਼ੇ ਤੋਂ ਬਿਨਾਂ ਉਹ ਠੀਕ-ਠਾਕ ਮਹਿਸੂਸ ਨਹੀਂ ਕਰਦੇ।

ਅਮਲੀ ਲਈ ਆਪਣੇ-ਆਪ ਇਸ ਰੋਗ ਤੋਂ ਛੁਟਕਾਰਾ ਪਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਉਸ ਨੂੰ ਮਾਹਰ ਤੇ ਸੁਹਿਰਦ ਇਲਾਜ ਦੀ ਲੋੜ ਹੁੰਦੀ ਹੈ।

**ਹੈਂਗ-ਓਵਰ** : ਰਾਤੀਂ ਸ਼ਰਾਬ ਪੀਣ ਤੋਂ ਬਾਅਦ ਬਹੁਤ ਸਾਰੇ ਸ਼ਰਾਬੀ ਸਵੇਰੇ-ਸਵੇਰੇ ਖੁਦ ਨੂੰ ਨਸ਼ਿਓਂ ਟੁੱਟਾ ਜਾਂ ਹੈਂਗ-ਓਵਰ ਵਿਚ ਮਹਿਸੂਸ ਕਰਦੇ ਹਨ। ਉਨ੍ਹਾਂ ਵਿਚ ਉੱਠਣ ਦੀ ਹਿੰਮਤ ਤੱਕ ਨਹੀਂ ਹੁੰਦੀ। ਦਿਲ ਕੱਚਾ ਹੁੰਦਾ ਹੈ ਤੇ ਹੱਥ ਕੰਬਦੇ ਹਨ। ਕਈਆਂ ਨੂੰ ਭੁਲੇਖਾ ਹੁੰਦਾ ਹੈ ਕਿ ਸਵੇਰੇ-ਸਵੇਰੇ ਬਲੱਡ ਪ੍ਰੈਸ਼ਰ ਘਟਣ ਕਾਰਨ ਉਨ੍ਹਾਂ ਨੂੰ ਇਹ ਤਕਲੀਫਾਂ ਹੁੰਦੀਆਂ ਹਨ। ਸੋ ਬਿਸਤਰੇ ਤੋਂ ਉੱਠਣ ਤੋਂ ਪਹਿਲਾਂ ਹੀ ਉਹ ਸ਼ਰਾਬ ਦਾ ਸੇਵਨ ਕਰਕੇ ਆਪਣਾ ਸਰੀਰ 'ਕਾਇਮ' ਕਰਦੇ ਹਨ।

**ਕੀ ਤੁਸੀਂ ਅਮਲੀ ਬਣਨ ਜਾ ਰਹੇ ਹੋ?**

ਜੇ ਤੁਸੀਂ ਸ਼ੌਕੀਆ ਸ਼ਰਾਬ ਪੀਂਦੇ ਹੋ ਤਾਂ ਹੇਠ ਲਿਖੀਆਂ ਨਿਸ਼ਾਨੀਆਂ ਦਿੱਸਣ 'ਤੇ ਤੁਹਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਤੁਹਾਡੇ ਕਦਮ ਅਮਲ ਵੱਲ ਵੱਧ ਰਹੇ ਹਨ ਅਤੇ ਖ਼ੈਰੀਅਤ ਤੇ ਸਿਆਣਪ ਇਸੇ ਵਿਚ ਹੈ ਕਿ ਤੁਰੰਤ ਇਹ ਸ਼ੌਕ ਤਿਆਗ ਦਿਉ :

* ਪਹਿਲਾਂ ਜਿੰਨੀ ਸ਼ਰਾਬ ਪੀਣ ਨਾਲ ਹੁਣ ਤੁਹਾਨੂੰ ਸਰੂਰ ਨਹੀਂ ਆਉਂਦਾ ਤੇ ਇਸ ਦੀ ਮਿਕਦਾਰ ਵਧਦੀ ਜਾ ਰਹੀ ਹੈ।

* ਬੇਵਕਤ ਵੀ (ਜਿਵੇਂ ਦਫ਼ਤਰ ਵਿਚ ਕੰਮ ਕਰਦਿਆਂ) ਪੀਣ ਨੂੰ ਜੀਅ ਕਰਦਾ ਹੈ।

* ਬਲੈਕ ਆਊਟ (Black Outs) : ਨਸ਼ੇ ਦੌਰਾਨ ਵਾਪਰੀਆਂ ਕਈ ਘਟਨਾਵਾਂ ਅਤੇ ਕੀਤੀਆਂ ਗੱਲਾਂ 'ਤੇ ਹਰਕਤਾਂ ਦਾ ਅਕਸਰ ਕੋਈ ਚਿਤ-ਚੇਤਾ ਨਹੀਂ ਰਹਿੰਦਾ। ਯਾਦ ਕਰਾਉਣ 'ਤੇ ਵੀ ਯਾਦ ਨਹੀਂ ਆਉਂਦੀਆਂ।

* ਪੀਣ ਬੈਠਦੇ ਹੋ ਤਾਂ ਸੋਚਦੇ ਹੋ ਕਿ ਇੱਕ-ਦੋ ਪੈੱਗ ਪੀ ਕੇ ਬੱਸ ਕਰ ਦਿਉਗੇ, ਪ੍ਰੰਤੂ ਅਜਿਹਾ ਨਹੀਂ ਹੁੰਦਾ।

* ਤੁਹਾਡੀ ਕਾਰਜ-ਕੁਸ਼ਲਤਾ, ਸਿਹਤ, ਸੰਬੰਧਾਂ, ਸੁਭਾਅ ਤੇ ਫਰਜ਼ਾਂ ਦੀ ਅਦਾਇਗੀ 'ਤੇ ਮਾੜਾ ਅਸਰ ਪੈ ਰਿਹਾ ਹੈ, ਭਾਵੇਂ ਇਹ ਮਾਮੂਲੀ ਹੀ ਕਿਉਂ ਨਾ ਹੋਏ।

* ਤੁਸੀਂ ਸੋਚਦੇ ਹੋਵੋਗੇ ਕਿ ਮਾਨਸਕ ਤਨਾਉ, ਕ੍ਰੋਧ, ਵਿਸ਼ਾਦ ਜਾਂ ਉਨੀਂਦਰੇ ਤੋਂ ਰਾਹਤ ਲਈ ਤੁਹਾਨੂੰ ਪੀਣੀ ਪੈਂਦੀ ਹੈ; ਪ੍ਰੰਤੂ ਇਹ ਨਕਾਰਾਤਮਕ ਭਾਵਨਾਵਾਂ ਅਕਸਰ ਸ਼ਰਾਬਨੋਸ਼ੀ ਦਾ ਨਤੀਜਾ ਹੁੰਦੀਆਂ ਹਨ, ਨਾ ਕਿ ਉਸ ਦਾ ਕਾਰਨ।

**ਸ਼ਰਾਬਨੋਸ਼ੀ ਦਾ ਸਿਹਤ 'ਤੇ ਅਸਰ** : ਮਾਨਸਿਕ ਆਨੰਦ ਤੇ ਸਰੂਰ ਖਾਤਰ ਬੰਦਾ ਸ਼ਰਾਬ ਨੂੰ ਪੀਂਦਾ ਹੈ, ਪ੍ਰੰਤੂ ਇਕ ਪੜਾਅ 'ਤੇ ਆ ਕੇ ਸ਼ਰਾਬ ਬੰਦੇ ਨੂੰ ਪੀਣਾ ਸ਼ੁਰੂ ਕਰ ਦਿੰਦੀ ਹੈ। ਸ਼ਰਾਬ ਸਹਿਜੇ-ਸਹਿਜੇ ਮਾਰ ਕਰਨ ਵਾਲਾ ਇਕ ਜ਼ਹਿਰ ਹੈ। ਦੇਰ-ਸਵੇਰ ਇਹ ਆਦਤ ਹੇਠ ਲਿਖੇ ਰੋਗਾਂ ਦਾ ਕਾਰਨ ਬਣ ਸਕਦੀ ਹੈ :

* ਜਿਗਰ ਦਾ ਸੁਸਤ ਪੈ ਜਾਣਾ, ਇਸ ਦੀ ਸੋਜ, ਪੀਲੀਆ, ਕੈਂਸਰ ਜਾਂ ਫੇਲ੍ਹ ਹੋ ਜਾਣਾ।

* ਭੋਜਨ-ਨਲੀ, ਮੇਹਦੇ, ਆਂਦਰ, ਪੈਨਕ੍ਰੀਆਸ ਦੀ ਸੋਜ, ਅਲਸਰ, ਕੈਂਸਰ ਆਦਿ।

* ਉਕਤ ਕਾਰਨਾਂ ਕਰਕੇ ਬਦਹਜ਼ਮੀ, ਭੁੱਖ ਮਰ ਜਾਣਾ ਤੇ ਕਮਜ਼ੋਰੀ।

* ਸ਼ੁਰੂ ਵਿਚ ਮੋਟਾਪਾ ਤੇ ਅੰਤ ਵਿਚ ਸੋਕੜਾ।

* ਛੂਤ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਘੱਟਣਾ।

* ਖਰਾਕ ਘੱਟਣ ਤੇ ਬਦਹਜ਼ਮੀ ਕਾਰਨ ਸਰੀਰ ਵਿਚ ਵਿਟਾਮਿਨ ਤੇ ਧਾਤਾਂ ਦੀ ਘਾਟ ਤੇ ਫਲਸਰੂਪ ਰਕਤ-ਅਲਪਤਾ, ਪੌਲੀਨ੍ਰਿਰਾਈਟਿਸ, ਮਸਤਕ-ਹਾਨੀ ਤੇ ਨੀਮ ਪਾਗਲਪਨ ਦੀ ਨੌਬਤ ਆ ਸਕਦੀ ਹੈ।

* ਲਹੂ ਵਿਚ ਕੋਲੈਸਟ੍ਰਾਲ ਤੇ ਚਰਬੀ ਦੀ ਮਾਤਰਾ ਵਧਣ ਕਾਰਨ ਉਹ ਸਹਿਜੇ-ਸਹਿਜੇ ਲਹੂ-ਨਾੜੀਆਂ ਦੀਆਂ ਕੰਧਾਂ ਵਿਚ ਬੈਠ ਜਾਂਦੀ ਹੈ ਅਤੇ ਉਹ ਅਸੁਅਸਥ ਤੇ ਭੀੜੀਆਂ ਹੋ ਜਾਂਦੀਆਂ ਹਨ। ਇਸ ਦਾ ਇਕ ਨਤੀਜਾ ਹਾਈ ਬਲੱਡ ਪ੍ਰੈਸ਼ਰ ਹੁੰਦਾ ਹੈ।

* ਦਿਲ ਦੀਆਂ ਮਾਸ-ਪੇਸ਼ੀਆਂ ਕਮਜ਼ੋਰ ਹੋ ਜਾਣ ਕਾਰਨ ਹਾਰਟ ਫੇਲ੍ਹ ਹੋ ਸਕਦੀ ਹੈ।

* ਗਠੀਆ।

* ਹਾਦਸਿਆਂ ਤੇ ਦੁਰਘਟਨਾਵਾਂ ਦੀ ਸੰਭਾਵਨਾ।

* ਸ਼ਰਾਬੀ ਮਾਤਾ ਅਕਸਰ ਕਮਜ਼ੋਰ, ਮੁਰਦਾ ਜਾਂ ਵਿਕਲਾਂਗ ਬੱਚੇ ਨੂੰ ਜਨਮ ਦੇਂਦੀ ਹੈ ਤੇ ਉਸ ਦਾ ਵਿਕਾਸ ਪੱਛੜ ਜਾਂਦਾ ਹੈ।

**ਸ਼ਰਾਬੀਪਣ ਦੇ ਹੋਰ ਬੁਰੇ ਨਤੀਜੇ** :

*** ਪੈਸੇ ਦਾ ਉਜਾੜਾ** : ਗਰੀਬ ਸ਼ਰਾਬੀ ਦੇ ਬੀਵੀ-ਬੱਚੇ, ਭੁੱਖੇ, ਅੱਧਨੰਗੇ ਤੇ ਅਨਪੜ੍ਹ ਰਹਿ ਜਾਂਦੇ ਹਨ।

* ਸ਼ਰਾਬ ਦੀ ਲਗਨ ਅਤੇ ਸਿਹਤ ਦੀ ਖਰਾਬੀ ਕਾਰਨ ਕਾਰਜ-ਕੁਸ਼ਲਤਾ ਘੱਟਣਾ, ਅਕਸਰ ਗੈਰ-ਹਾਜ਼ਰ ਰਹਿਣਾ, ਲਾਪਰਵਾਹ, ਕੰਮਚੋਰ ਤੇ ਬੇਈਮਾਨ ਹੋ ਜਾਣਾ ਤੇ ਫਲਸਰੂਪ ਨੌਕਰੀ ਗੁਆ ਬੈਠਣਾ ਜਾਂ ਕੰਮ-ਕਾਰ ਠੱਪ ਹੋਣਾ।

* ਚੋਰੀ, ਠੱਗੀ, ਭ੍ਰਿਸ਼ਟਾਚਾਰ ਤੇ ਹੋਰ ਅਪਰਾਧਾਂ ਵੱਲ ਝੁਕਾਉ।

* ਪਰਿਵਾਰ ਵਿਚ ਨਿੱਤ ਕਲਹ-ਕਲੇਸ਼ ਤੇ ਹਿੰਸਾ। ਸ਼ਰਾਬ ਖਰੀਦਣ ਲਈ ਅਮਲੀ ਦੁਆਰਾ ਘਰ ਦਾ ਸਾਮਾਨ, ਟੂੰਮ-ਛੱਲਾ ਆਦਿ ਚੁਰਾ ਕੇ ਵੇਚ ਆਉਣਾ। ਜ਼ਮੀਨ ਜਾਇਦਾਦ ਦਾ ਵਿਕ ਜਾਣਾ। ਬੱਚਿਆਂ ਨੂੰ ਨਰੋਈ ਜੀਵਨ-ਸੇਧ ਨਾ ਮਿਲਣਾ ਅਤੇ ਉਨ੍ਹਾਂ ਦਾ ਮਾਨਸਕ ਵਿਕਾਸ ਪਛੜਣਾ।

* ਆਪਣੇ ਬੇਢੰਗੇ ਰਵੱਈਏ, ਬਦਨਾਮੀ ਤੇ ਗਿਲਾਨੀ ਕਾਰਨ ਆਮਲੀ ਸਮਾਜ ਵਿਚ ਅਲੱਗ-ਥਲੱਗ ਹੋ ਕੇ ਰਹਿ ਜਾਂਦਾ ਹੈ।

* ਜੀਵਨ ਹਰ ਪੱਖੋਂ ਸੱਖਣਾ ਤੇ ਦੁਖੀ ਹੋ ਜਾਂਦੀ ਹੈ ਤੇ ਕਈ ਅਮਲੀ ਆਤਮ-ਹੱਤਿਆ ਕਰ ਲੈਂਦੇ ਹਨ।

**ਅਮਲ ਦਾ ਇਲਾਜ** :

* ਹੋਰ ਬਿਮਾਰੀਆਂ ਵਾਂਗ ਅਮਲ ਦੀ ਬਿਮਾਰੀ ਦਾ ਇਲਾਜ ਵੀ ਹੋ ਸਕਦਾ ਹੈ।

* ਇਲਾਜ ਦੀਆਂ ਸਹੂਲਤਾਂ ਰੈਡ ਕਰਾਸ ਤੇ ਹੋਰ ਸਵੈ-ਸੇਵੀ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਨਸ਼ਾ-ਮੁਕਤੀ ਕੇਂਦਰਾਂ ਵਿਚ ਉਪਲਬਧ ਹਨ।

* ਅਮਲੀ ਆਮ ਤੌਰ 'ਤੇ ਇਲਾਜ ਤੋਂ ਕਤਰਾਉਂਦੇ ਹਨ ਅਤੇ ਟਾਲਣ ਲਈ ਇਹ ਕਹਿ ਦੇਂਦੇ ਹਨ ਕਿ ਉਹ ਆਪਣੀ ਇੱਛਾ-ਸ਼ਕਤੀ ਨਾਲ ਸ਼ਰਾਬ ਛੱਡ ਦੇਣਗੇ। ਨਾਲ ਹੀ ਉਹ ਪਹਿਲੇ ਕੁਝ ਦੇਰ ਇਸ ਨੂੰ ਛੱਡੀ ਰੱਖਣ ਦੀ ਮਿਸਾਲ ਵੀ ਦਿੰਦੇ ਹਨ। ਇਹ ਸਹੀ ਹੈ ਕਿ ਅਮਲੀ ਕਈ ਦਿਨ, ਹਫ਼ਤੇ ਜਾਂ ਮਹੀਨੇ ਵੀ ਸ਼ਰਾਬ ਛੱਡ ਜਾਂਦੇ ਹਨ, ਪ੍ਰੰਤੂ ਦੇਰ-ਸਵੇਰ ਆਪਣੀ ਬੇਢੰਗੀ ਚਾਲ 'ਤੇ ਪਰਤ ਆਉਂਦੇ ਹਨ।

* ਇਲਾਜ ਦੀ ਕਾਮਯਾਬੀ ਲਈ ਜ਼ਰੂਰੀ ਹੈ ਕਿ ਰੋਗੀ ਨੂੰ ਮਨੋਵਿਗਿਆਨਕ ਢੰਗ ਨਾਲ ਪ੍ਰੇਰ ਕੇ ਇਲਾਜ ਲਈ ਰਜ਼ਾਮੰਦ ਕੀਤਾ ਜਾਏ ਅਤੇ ਉਸ ਦਾ ਮਨੋਬਲ ਤੇ ਆਸ਼ਾਵਾਦ ਬਣਾਈ ਰੱਖਿਆ ਜਾਏ। ਉਸ ਦੇ ਪਰਿਵਾਰ ਦੇ ਸਹਿਯੋਗ ਦੀ ਭੂਮਿਕਾ ਵੀ ਕੋਈ ਘੱਟ ਮਹੱਤਵਪੂਰਨ ਨਹੀਂ।

* ਸਫਲ ਇਲਾਜ ਤੋਂ ਬਾਅਦ ਉਮਰ ਭਰ ਸ਼ਰਾਬ ਤੋਂ ਮੁਕੰਮਲ ਪਰਹੇਜ਼ ਦੀ ਲੋੜ ਹੁੰਦੀ ਹੈ। ਇਕ ਵਾਰ ਗਲਤੀ ਕਰਨ 'ਤੇ ਬਿਮਾਰੀ ਮੁੜ ਪਰਤ ਆਂਦੀ ਹੈ।



**ਫਾਊਂਡੇਸ਼ਨ ਦੇ ਜਿਹੜੇ ਮੈਂਬਰਾਂ ਪਾਸ ਮੈਂਬਰਸ਼ਿਪ ਕਾਰਡ ਨਹੀਂ ਹਨ ਉਹ ਕ੍ਰਿਪਾ ਕਰਕੇ ਫਾਊਂਡੇਸ਼ਨ ਨੂੰ ਬਾਕਾਇਦਾ ਫਾਰਮ ਭਰ ਕੇ ਸਮੇਤ ਦੋ ਫੋਟੋਆਂ ਤੁਰੰਤ ਅਪਲਾਈ ਕਰਨ ਤਾਂ ਜੋ ਮੈਂਬਰਸ਼ਿਪ ਕਾਰਡ ਜਾਰੀ ਕੀਤਾ ਜਾਵੇ।**

**- ਸੰਪਾਦਕ**

# ਵਿਗਿਆਨ ਭੰਡਾਰ

ਗੁਰਬਚਨ ਸਿੰਘ

**ਬਨਸਪਤੀ** - ਬਨਸਪਤੀ ਸਾਡੀ ਧਰਤੀ ਤੇ ਭਾਰੀ ਮਾਤਰਾ ਵਿਚ ਮਿਲਦੀ ਹੈ। ਇਸ ਨੂੰ ਕਈਆਂ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਕਿਸਮਾਂ ਆਕਾਰ ਅਤੇ ਉਮਰ ਕਰ ਕੇ ਮੰਨੀਆਂ ਗਈਆਂ ਹਨ। ਮੁੱਖ ਕਿਸਮਾਂ ਇਹ ਹਨ : ਰੁੱਖ ਜਾਂ ਬਰਖ, ਬੂਟੇ, ਝਾੜੀਆਂ, ਜੜੀ ਬੂਟੀਆਂ ਅਤੇ ਵੇਲਾਂ।

ਹਰ ਇਕ ਤਰ੍ਹਾਂ ਦੀ ਬਨਸਪਤੀ ਸਾਡੇ ਬੜੇ ਕੰਮ ਆਉਂਦੀ ਹੈ। ਇਸ ਦੀ ਹਰੇਕ ਕਿਸਮ ਦੀ ਪਛਾਣ ਅਤੇ ਉਸ ਦੇ ਲਾਭਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :-

1. **ਰੁੱਖ** - ਇਹ ਵੱਡੇ ਆਕਾਰ ਦੇ ਅਤੇ ਲੰਬੇ ਹੁੰਦੇ ਹਨ। ਇਨ੍ਹਾਂ ਦੀ ਉਮਰ ਵੀ ਵੱਡੀ ਹੁੰਦੀ ਹੈ, ਇਨ੍ਹਾਂ ਦੇ ਤਨੇ ਮੋਟੇ ਅਤੇ ਲੰਬੇ ਹੁੰਦੇ ਹਨ, ਇਸ ਕਰ ਕੇ ਇਨ੍ਹਾਂ ਦੀ ਲੱਕੜ ਬੜੇ ਕੰਮ ਆਉਂਦੀ ਹੈ। ਘਰਾਂ ਵਿਚ ਹੀ ਇਸ ਦੀ ਕਈ ਤਰ੍ਹਾਂ ਦੀ ਵਰਤੋਂ ਵੇਖੀ ਜਾ ਸਕਦੀ ਹੈ। ਫਰਨੀਚਰ ਲੱਕੜ ਦਾ ਬਣਿਆ ਹੁੰਦਾ ਹੈ। ਘਰਾਂ ਦੇ ਦਰਵਾਜ਼ੇ, ਬਾਰੀਆਂ ਲੱਕੜ ਦੇ ਬਣੇ ਹੁੰਦੇ ਹਨ। ਬਹੁਤੇ ਘਰਾਂ ਵਿਚ ਛੱਤ ਲਈ ਸ਼ਤੀਰ ਅਤੇ ਬਾਲੇ ਵੀ ਲੱਕੜ ਦੇ ਹੁੰਦੇ ਹਨ। ਚੁੱਲ੍ਹਿਆਂ ਅਤੇ ਤੰਦੂਰਾਂ ਵਿਚ ਲੱਕੜ ਬਾਲੀ ਜਾਂਦੀ ਹੈ।



ਗੱਡੇ, ਟਾਂਗੇ ਵੀ ਲੱਕੜ ਦੇ ਬਣੇ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਅਨੇਕਾਂ ਕੰਮਾਂ ਅਤੇ ਸੰਦਾਂ ਵਿਚ ਵਰਤੀ ਜਾਂਦੀ ਹੈ।

ਬਨਸਪਤੀ ਦੀ ਕੋਈ ਵੀ ਬਿਸਮ ਹੋਵੇ, ਉਸ ਦੇ ਹੇਠ ਲਿਖੇ ਭਾਗ ਹੁੰਦੇ ਹਨ : ਤਨਾ, ਟਾਹਣੀਆਂ, ਪੱਤੇ, ਫੁੱਲ, ਫਲ ਅਤੇ ਜੜ੍ਹਾਂ। ਰੁੱਖਾਂ ਦੀਆਂ ਟਾਹਣੀਆਂ ਵੀ ਮੋਟੀਆਂ ਅਤੇ ਲੰਬੀਆਂ ਹੁੰਦੀਆਂ ਹਨ। ਕਈ ਰੁੱਖਾਂ ਦੇ ਪੱਤੇ ਕੰਮ ਆਉਂਦੇ ਹਨ। ਪੱਤੇ ਪਸ਼ੂਆਂ ਦਾ ਚਾਰਾ ਹੁੰਦਾ ਹੈ। ਕਈਆਂ ਰੁੱਖਾਂ ਦੇ ਫੁੱਲ ਕੰਮ ਆਉਂਦੇ ਹਨ। ਕਈਆਂ ਦੇ ਫਲ ਅਤੇ ਕਈਆਂ ਦੀਆਂ ਜੜ੍ਹਾਂ।

ਕੁਝ ਇਕ ਪਰਸਿੱਧ ਰੁੱਖ ਇਹ ਹਨ :-

ਚੀੜ੍ਹ, ਤਿਆਰ, ਕੈਲ, ਟਾਹਲੀ, ਨਿੰਮ ਅਤੇ ਕਿੱਕਰ।

2. **ਬੂਟੇ** - ਇਹ ਰੁੱਖਾਂ ਨਾਲੋਂ ਆਕਾਰ ਵਿਚ ਛੋਟੇ ਹੁੰਦੇ ਹਨ। ਇਨ੍ਹਾਂ ਦੇ ਤਨੇ ਨਾ ਬਹੁਤੇ ਮੋਟੇ ਅਤੇ ਨਾ ਹੀ ਪਤਲੇ ਹੁੰਦੇ ਹਨ। ਇਨ੍ਹਾਂ ਦੀ ਉਮਰ ਰੁੱਖਾਂ ਦੀ ਉਮਰ ਤੋਂ ਘੱਟ ਹੁੰਦੀ ਹੈ। ਪਰ ਫਿਰ ਵੀ ਇਨ੍ਹਾਂ ਦੀ ਉਮਰ ਕਾਫੀ ਹੁੰਦੀ ਹੈ। ਇਨ੍ਹਾਂ ਵਿਚੋਂ ਫਲਦਾਰ ਬੂਟੇ ਵਧੇਰੇ ਪ੍ਰਸਿੱਧ ਹਨ-ਬੇਰੀ, ਅੰਬ, ਅਲੂਚਾ, ਸੇਬ, ਆੜੂ, ਨਿੰਬੂ ਅਤੇ ਸੰਗਤਰਾ ਆਦਿ।

ਇਹ ਦੂਜੀ ਕਿਸਮ ਵਿਚ ਆਉਂਦੇ ਹਨ। ਇਨ੍ਹਾਂ ਦੇ ਵਧੇਰੇ ਕਰ ਕੇ ਫਲ ਬੜੇ ਕੰਮ ਦੀ ਚੀਜ਼ ਹੁੰਦੇ ਹਨ। ਫਲ ਸਾਡੀ ਖੁਰਾਕ ਦਾ ਬੜਾ ਵਧੀਆ ਅੰਗ ਹੈ। ਬੂਟਿਆਂ ਦੀ ਲੱਕੜ ਬਾਲਣ ਦੇ ਕੰਮ ਆਉਂਦੀ ਹੈ। ਇਨ੍ਹਾਂ ਦੇ ਪੱਤੇ ਡੰਗਰਾਂ ਦੀ ਖੁਰਾਕ ਬਣਦੀ ਹੈ, ਜਿਵੇਂ—ਬੇਰੀ, ਅੰਬ, ਤੂਤ ਆਦਿ ਦੇ ਪੱਤੇ ਬੱਕਰੀਆਂ ਅਤੇ ਊਠਾਂ ਦੀ ਖੁਰਾਕ ਹੈ। ਕਈ ਬੂਟਿਆਂ ਅਤੇ ਰੁੱਖਾਂ ਦੇ ਫਲ ਦਵਾਈਆਂ ਦੇ ਕੰਮ ਆਉਂਦੇ ਹਨ, ਜਿਵੇਂ—ਔਲੇ, ਹਰੜ, ਬਹੇੜੇ ਅਤੇ ਰੀਠੇ ਆਦਿ। ਕਈ ਬੂਟੇ ਸਾਨੂੰ ਅੰਨ ਦਾਣਾ ਦਿੰਦੇ ਹਨ। ਅੰਨ ਦੇਣ ਵਾਲੇ ਬੂਟੇ ਹਨ—ਕਣਕ, ਜਵਾਰ, ਬਾਜਰਾ, ਚੌਲ (ਧਾਨ) ਅਤੇ ਮੱਕੀ ਆਦਿ। ਇਨ੍ਹਾਂ ਦੇ ਤਨੇ ਵੀ ਪਤਲੇ ਹੁੰਦੇ ਹਨ ਅਤੇ ਇਨ੍ਹਾਂ ਦਾ ਆਕਾਰ ਵੀ ਛੋਟਾ ਹੁੰਦਾ ਹੈ। ਇਹ ਡੰਗਰਾਂ ਦਾ ਚਾਰਾ ਵੀ ਬਣਦੇ ਹਨ।



3. **ਝਾੜੀਆਂ** - ਇਹ ਆਕਾਰ ਵਿਚ ਬੂਟਿਆਂ ਤੋਂ ਛੋਟੀਆਂ ਹੁੰਦੀਆਂ ਹਨ। ਕਈਆਂ ਝਾੜੀਆਂ ਦੀ ਉਮਰ ਲੰਬੀ ਹੁੰਦੀ ਹੈ ਅਤੇ ਕਈਆਂ ਦੀ ਘੱਟ।



ਝਾੜੀਆਂ ਨੂੰ ਸੁੰਦਰ ਫੁੱਲ ਲੱਗਦੇ ਹਨ। ਇਨ੍ਹਾਂ ਨੂੰ ਘਰਾਂ ਅਤੇ ਬਾਗਾਂ ਵਿਚ ਸਜਾਵਟ ਲਈ ਲਾਇਆ ਜਾਂਦਾ ਹੈ। ਗੁਲਾਬ, ਚੰਬੇਲੀ, ਚੰਬਾ ਆਦਿ ਫੁਲਦਾਰ ਝਾੜੀਆਂ ਹਨ, ਕਈ ਝਾੜੀਆਂ ਦੇ ਫਲ ਵੀ ਕੰਮ ਆਉਂਦੇ ਹਨ। ਇਨ੍ਹਾਂ ਫਲਾਂ ਵਿਚ ਰਸਭਰੀ, ਡੇਲੇ ਅਤੇ ਪੀਲੂ ਆਦਿ ਆਉਂਦੇ ਹਨ। ਡੇਲੇ ਕਰੀਰ ਨੂੰ ਲੱਗਦੇ ਹਨ, ਪੀਲੂ ਵਣ ਨੂੰ ਲੱਗਦੇ ਹਨ ਅਤੇ ਰਸਭਰੀ ਦੀ ਝਾੜੀ ਨੂੰ ਲੱਗਦੀਆਂ ਹਨ। ਕਪਾਹ ਦੀ ਵੀ ਝਾੜੀ ਹੁੰਦੀ ਹੈ, ਇਸ ਤੋਂ ਸਾਨੂੰ ਰੂੰ ਮਿਲਦੀ ਹੈ ਅਤੇ ਰੂੰ ਤੋਂ ਸਾਡੇ ਕੱਪੜੇ ਤਿਆਰ ਹੁੰਦੇ ਹਨ।

4. **ਜੜ੍ਹੀ ਬੂਟੀਆਂ** - ਇਨ੍ਹਾਂ ਦੇ ਤਨੇ ਬੜੇ ਛੋਟੇ ਤੇ ਨਰਮ ਹੁੰਦੇ ਹਨ। ਮਸਾਂ ਜ਼ਮੀਨ ਤੋਂ ਉੱਪਰ ਉੱਠਦੇ ਹਨ। ਇਨ੍ਹਾਂ ਦੀਆਂ ਟਾਹਣੀਆਂ ਵੀ ਨਰਮ ਹੁੰਦੀਆਂ ਹਨ। ਇਹਨਾਂ ਦਾ ਆਕਾਰ ਛੋਟਾ ਹੁੰਦਾ ਹੈ ਤੇ ਉਮਰ ਵੀ ਥੋੜ੍ਹੀ ਹੁੰਦੀ ਹੈ।



ਇਹ ਜਾਂ ਡੰਗਰਾਂ ਦਾ ਚਾਰਾ ਬਣਦੀਆਂ ਹਨ ਜਾਂ ਇਹਨਾਂ ਤੋਂ ਦਵਾਈਆਂ ਬਣਦੀਆਂ ਹਨ। ਇਨ੍ਹਾਂ ਦੇ ਫੁੱਲ, ਫਲ, ਪੱਤੇ ਅਤੇ ਜੜ੍ਹਾਂ ਦੇਸੀ ਦਵਾਈਆਂ ਵਿਚ ਵਰਤੇ ਜਾਂਦੇ ਹਨ। ਬ੍ਰਹਮੀ, ਬਿਨੱਫਸਾ ਆਦਿ ਪ੍ਰਸਿੱਧ ਬੂਟੀਆਂ ਹਨ ਜੋ ਦਵਾਈਆਂ ਲਈ ਵਰਤੀਆਂ ਜਾਂਦੀਆਂ ਹਨ।

5. **ਵੇਲਾਂ** - ਕਈਆਂ ਝਾੜੀਆਂ ਅਤੇ ਬੂਟੀਆਂ ਦੇ ਤਨੇ ਬੜੇ ਨਰਮ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਟਾਹਣੀਆਂ ਵੀ ਨਰਮ ਹੁੰਦੀਆਂ ਹਨ। ਇਹ ਆਪਣੇ ਸਹਾਰੇ ਸਿੱਧਾ ਖੜ੍ਹਾ ਨਹੀਂ ਹੋ ਸਕਦੀਆਂ। ਇਸ ਲਈ ਇਹ ਕਿਸੇ ਦੇ ਸਹਾਰੇ ਹੀ ਉੱਪਰ ਉੱਠਦੀਆਂ ਹਨ। ਕਿਸੇ ਰੁੱਖ



ਜਾਂ ਥਮਲੇ ਜਾਂ ਕੰਧ ਦੇ ਸਹਾਰੇ ਉੱਪਰ ਉੱਠਦੀਆਂ ਹਨ ਜਾਂ ਇਹ ਧਰਤੀ ਉੱਪਰ ਲੇਟੀਆਂ-ਲੇਟੀਆਂ ਹੀ ਵਧਦੀਆਂ ਹਨ। ਇਹਨਾਂ ਨੂੰ ਵੇਲਾਂ ਕਿਹਾ ਜਾਂਦਾ ਹੈ। ਕਈ ਵੇਲਾਂ ਨੂੰ ਸੁੰਦਰ ਫੁੱਲ ਲੱਗਦੇ ਹਨ, ਇਸ ਲਈ ਇਨ੍ਹਾਂ ਨੂੰ ਸਜਾਵਟ ਲਈ ਲਾਇਆ ਜਾਂਦਾ ਹੈ। ਇਸ਼ਕਪੇਚਾ, ਮਨੀ ਪਲਾਟ ਇਸ ਕਿਸਮ ਦੀਆਂ ਵੇਲਾਂ ਹਨ। ਕਈ ਵੇਲਾਂ ਦੇ ਫਲ ਸਬਜ਼ੀ ਵਜੋਂ ਵਰਤੇ ਜਾਂਦੇ ਹਨ। ਇਹ ਹਨ – ਟੀਂਡਾ, ਕਰੇਲਾ, ਕੱਦੂ, ਹਲਵਾ ਕੱਦੂ ਆਦਿ। ਕਈਆਂ ਵੇਲਾਂ ਨੂੰ ਫਲ ਲੱਗਦੇ ਹਨ; ਜਿਵੇਂ ਕਿ ਖਰਬੂਜ਼ਾ, ਤਰ ਅਤੇ ਤਰਬੂਜ਼ ਆਦਿ।

**ਸਬਜ਼ੀਆਂ** - ਬਨਸਪਤੀ ਤੋਂ ਸਾਨੂੰ ਅੰਨ ਦਾਣਾ, ਕੱਪੜੇ ਅਤੇ ਘਰ ਬਣਾਉਣ ਲਈ ਲੱਕੜੀ ਮਿਲਦੀ ਹੈ। ਇਹ ਸਭ ਚੀਜ਼ਾਂ ਸਾਡੇ ਜੀਵਨ ਨੂੰ ਸੁਖਦਾਈ ਤਾਂ ਬਣਾਉਂਦੀਆਂ ਹੀ ਹਨ ਪਰ ਜੇ ਸੋਚਿਆ ਜਾਏ ਤਾਂ ਇਨ੍ਹਾਂ ਬਿਨਾਂ ਜੀਉਂਦਿਆਂ ਰਹਿਣਾ ਹੀ ਔਖਾ ਹੈ। ਸਰੀਰ ਨੂੰ ਅਰੋਗ ਰੱਖਣ ਲਈ ਸਾਨੂੰ ਫਲ ਤੇ ਸਬਜ਼ੀਆਂ ਦੀ ਵੀ ਲੋੜ ਹੈ। ਫਲ ਤੇ ਸਬਜ਼ੀਆਂ ਸਾਨੂੰ ਵੱਖ-ਵੱਖ ਕਿਸਮ ਦੇ ਲੂਣ ਅਤੇ ਵਿਟਾਮਿਨ ਦਿੰਦੇ ਹਨ। ਲੂਣ ਅਤੇ ਵਿਟਾਮਿਨ ਸਾਡੇ ਸਰੀਰ ਦੀ ਪਾਲਣਾ ਪੋਸਣਾ ਕਰਦੇ ਹਨ। ਫਲ ਤਾਂ ਸਾਨੂੰ ਪਤਾ ਲੱਗ ਗਿਆ ਹੈ ਕਿ ਬੂਟਿਆਂ ਤੋਂ ਪ੍ਰਾਪਤ ਹੁੰਦੇ ਹਨ। ਸਬਜ਼ੀਆਂ ਵੀ ਸਾਨੂੰ ਛੋਟੇ-ਛੋਟੇ ਬੂਟਿਆਂ, ਝਾੜੀਦਾਰ ਬੂਟਿਆਂ ਅਤੇ ਵੇਲਾਂ ਤੋਂ ਮਿਲਦੀਆਂ ਹਨ। ਕਈਆਂ ਦੇ ਅਸੀਂ ਪੱਤੇ ਖਾਂਦੇ ਹਾਂ ਜਿਵੇਂ; ਪਾਲਕ ਅਤੇ ਬੰਦ-ਗੋਭੀ। ਕਈਆਂ ਦੇ ਅਸੀਂ ਫੁੱਲ ਖਾਂਦੇ ਹਾਂ ਜਿਵੇਂ ਫੁੱਲ-ਗੋਭੀ। ਕਈਆਂ ਦੇ ਅਸੀਂ ਫਲ ਖਾਂਦੇ ਹਾਂ ਜਿਵੇਂ; ਬੈਂਗਣ, ਟਮਾਟਰ ਆਦਿ। ਕਈਆਂ ਦੇ ਅਸੀਂ ਤਨੇ ਖਾਂਦੇ ਹਾਂ ਜਿਵੇਂ; ਗੰਢ-ਗੋਭੀ। ਕਈਆਂ ਦੀਆਂ ਜੜ੍ਹਾਂ ਖਾਂਦੇ ਹਾਂ ਜਿਵੇਂ; ਆਲੂ, ਅਰਬੀ, ਅਧਰਕ ਅਤੇ ਸ਼ਕਰਕੰਦੀ।

**ਬਨਸਪਤੀ ਦਾ ਚੱਕਰ**- ਬਨਸਪਤੀ ਉੱਗਦੀ ਕਿਵੇਂ ਹੈ? ਹਰ ਰੁੱਖ, ਬੂਟਾ, ਵੇਲ ਆਦਿ ਆਪਣੇ-ਆਪਣੇ ਬੀਜ ਤੋਂ ਉੱਗਦੇ ਹਨ। ਬੀਜ ਵਿਚ ਨਵੇਂ ਉੱਗਣ ਵਾਲੇ ਬੂਟੇ, ਬਿਰਖ ਦੀ ਖੁਰਾਕ ਬੰਦ ਹੁੰਦੀ ਹੈ। ਬੀਜ ਨੂੰ ਉੱਗਣ ਵਿਚ ਸੂਰਜ ਦੀ ਗਰਮੀ ਤੇ ਪਾਣੀ ਮਦਦ ਕਰਦੇ ਹਨ। ਬੀਜ ਨੂੰ ਧਰਤੀ ਵਿਚ ਮਿੱਟੀ ਹੇਠ ਕਰ ਦਿੱਤਾ ਜਾਂਦਾ ਹੈ। ਫਿਰ ਉਸ ਨੂੰ ਪਾਣੀ ਦੇ ਦਿੱਤਾ ਜਾਂਦਾ ਹੈ। ਸੂਰਜ ਦੀ ਗਰਮੀ ਦੀ ਸਹਾਇਤਾ ਅਤੇ ਪਾਣੀ ਦੀ ਗਿੱਲ ਕਾਰਨ ਬੀਜ ਫੁੱਟ ਪੈਂਦਾ ਹੈ। ਉਸ ਵਿਚੋਂ ਧਰਤੀ ਤੋਂ ਬਾਹਰ ਕਰੂੰਬਲਾਂ ਨਿਕਲ ਆਉਂਦੀਆਂ ਹਨ। ਧਰਤੀ ਤੋਂ ਹੇਠਾਂ ਵੱਲ ਜੜ੍ਹਾਂ ਚੱਲ ਪੈਂਦੀਆਂ ਹਨ। ਇਸ ਤੋਂ ਬੀਜ ਵਿਚਲੀ ਖੁਰਾਕ ਖਤਮ ਹੋ ਜਾਂਦੀ ਹੈ ਅਤੇ ਬੂਟਾ ਆਪਣੀ ਖੁਰਾਕ ਆਪ ਲੱਭਦਾ ਹੈ। ਜੜ੍ਹਾਂ ਧਰਤੀ ਵਿਚੋਂ ਆਪਣੀ ਖੁਰਾਕ ਖਿੱਚਦੀਆਂ ਹਨ ਅਤੇ ਪੱਤੇ ਹਵਾ ਵਿਚੋਂ। ਇਸ ਤਰ੍ਹਾਂ ਖੁਰਾਕ ਲੈਂਦਾ ਬੂਟਾ ਵੱਡਾ ਹੁੰਦਾ ਜਾਂਦਾ ਹੈ। ਫਿਰ ਉਸ ਨੂੰ ਫੁੱਲ ਲੱਗਦੇ ਹਨ, ਫਿਰ ਫਲ। ਫਲ ਵਿਚ ਬੀਜ ਹੁੰਦੇ ਹਨ। ਬੀਜ ਧਰਤੀ ਤੇ ਡਿੱਗ ਪੈਂਦੇ ਹਨ। ਉਨ੍ਹਾਂ ਤੋਂ ਫਿਰ ਬੂਟੇ ਉੱਗਦੇ ਵਧਦੇ ਹਨ। ਇੰਜ ਕੁਦਰਤ ਦਾ ਇਹ ਚੱਕਰ ਚਲਦਾ ਰਹਿੰਦਾ ਹੈ।

ਬਿਰਖ ਬੂਟੇਇਕ ਹੋਰ ਚੱਕਰ ਚਲਾਉਣ ਵਿਚ ਵੀ ਸਹਾਈ ਹੁੰਦੇ ਹਨ। ਅਸੀਂ ਜਦ ਹਵਾ ਵਿਚ ਸਾਹ ਲੈਂਦੇ ਹਾਂ ਤਾਂ ਸਾਡਾ ਸਰੀਰ ਉਸ ਵਿਚਲੀ ਆਕਸੀਜਨ ਗੈਸ ਦੀ ਵਰਤੋਂ ਕਰਦਾ ਹੈ। ਅਸੀਂ ਸਾਹ ਨਾਲ ਬਾਹਰ ਕਾਰਬਨ-ਡਾਇਆਕਸਾਈਡ ਕੱਢਦੇ ਹਾਂ। ਇਹ ਗੈਸ ਮਨੁੱਖ ਅਤੇ ਪਸ਼ੂਆਂ ਲਈ ਹਵਾ ਨੂੰ ਦੂਸ਼ਿਤ ਕਰਦੀ ਹੈ। ਬਿਰਖ ਬੂਟੇ ਸੂਰਜ ਦੀ ਸਹਾਇਤਾ ਨਾਲ ਆਪਣੀ ਖੁਰਾਕ ਲਈ ਹਵਾ ਵਿਚੋਂ ਕਾਰਬਨ-ਡਾਇਆਕਸਾਈਡ ਖਿੱਚਦੇ ਹਨ ਅਤੇ ਆਕਸੀਜਨ ਛੱਡਦੇ ਹਨ। ਇਸ ਤਰ੍ਹਾਂ ਇਨ੍ਹਾਂ ਦੋਹਾਂ ਗੈਸਾਂ ਦਾ ਚੱਕਰ ਵੀ ਕੁਦਰਤ ਵਿਚ ਚੱਲਦਾ ਰਹਿੰਦਾ ਹੈ। ਤੁਸਾਂ ਹਵਾ ਵਾਲੇ ਪਾਠ ਵਿਚ ਪੜ੍ਹਿਆ ਸੀ ਕਿ ਖੇਤਾਂ ਅਤੇ ਬਾਗਾਂ ਵਿਚ ਕੀਤੀ ਸੈਰ ਸਾਡੀ ਸਿਹਤ ਲਈ ਬੜੀ ਗੁਣਕਾਰੀ ਹੈ। ਕਾਰਨ ਇਹ ਹੀ ਹੈ ਕਿ ਰੁੱਖਾਂ ਬੂਟਿਆਂ ਵੱਲੋਂ ਛੱਡੀ ਤਾਜ਼ੀ ਆਕਸੀਜਨ ਨੂੰ ਅਸੀਂ ਪ੍ਰਾਪਤ ਕਰ ਸਕਦੇ ਹਾਂ।



# ਮਨੁੱਖ ਰਹਿਤ ਉਪਗ੍ਰਹਿ ਅਤੇ ਪੁਲਾੜ ਵਿਮਾਨ

## (ਰੂਸ ਦਾ ਸਪੂਤਨਿਕ ਕਾਰਜਕ੍ਰਮ)

ਡਾ. ਕਮਲ ਅਰੋੜਾ

2 ਦਸੰਬਰ, 1942 ਨੂੰ ਮਨੁੱਖ ਨੇ ਸ਼ਿਕਾਗੋ ਸਥਿਤ ਸੰਸਾਰ ਦੀ ਪਹਿਲੀ ਅਣੂ ਭੱਠੀ ਵਿਚ ਆਪਣੀ ਦੇਖ-ਰੇਖ ਵਿਚ ਪਰਮਾਣੂ ਊਰਜਾ ਨੂੰ ਵਿਸਤ੍ਰਿਤ ਕਰਕੇ ਅਣੂ ਯੁੱਗ ਦਾ ਆਰੰਭ ਕੀਤਾ। ਇਸ ਦੇ 15 ਸਾਲਾਂ ਮਗਰੋਂ 4 ਅਕਤੂਬਰ, 1957 ਨੂੰ ਰੂਸ ਨੇ ਪਹਿਲੇ ਬਨਾਉਟੀ ਉਪਗ੍ਰਹਿ ਨੂੰ ਧਰਤੀ ਦੇ ਗ੍ਰਹਿਪਥ ਵਿਚ ਸਥਾਪਤ ਕਰਕੇ ਇਕ ਨਵਾਂ ਯੁੱਗ ਅਰੰਭ ਕੀਤਾ, ਜਿਸ ਨੂੰ ਅਸੀਂ ਪੁਲਾੜ ਯੁੱਗ ਦਾ ਨਾਂ ਦਿੱਤਾ ਹੈ। ਅੱਜ ਇਸ ਯੁੱਗ ਨੂੰ ਸ਼ੁਰੂ ਹੋਏ ਬਾਰਾਂ ਵਰ੍ਹੇ ਬੀਤ ਚੁੱਕੇ ਹਨ। ਬਾਰਾਂ ਵਰ੍ਹੇ ਦੇ ਇਸ ਸਮੇਂ ਵਿਚ ਉਹ ਸੁਪਨਾ ਵੀ ਪੂਰਾ ਹੋ ਚੁੱਕਿਆ ਹੈ, ਜਿਸ ਨੂੰ ਲਿਯੂਸ਼ੀਅਨ, ਕੈਪਲਰ ਅਤੇ ਹੇਲ ਨੇ ਵੇਖਿਆ ਸੀ ਅਤੇ ਜਿਸ ਨੂੰ ਅਸਲੀਅਤ ਵਿਚ ਬਦਲਨ ਵਾਸਤੇ ਜ਼ਿਓਲਕੋਤਵਸਕੀ, ਗੋਡਾਰਡ ਅਤੇ ਉਬਰਥ ਨੇ ਯਤਨ ਕੀਤਾ ਸੀ। 12 ਅਪ੍ਰੈਲ, 1952 ਨੂੰ ਮਨੁੱਖ ਦੀ ਪਹਿਲੀ ਯਾਤਰਾ ਨੇ ਜੂਲੇਜ਼ਰਵਨ ਅਤੇ ਵਰਗੀਰਾਕ ਦੀਆਂ ਮਨਉਡਾਰੀਆਂ ਨੂੰ ਇਕ ਇਤਿਹਾਸਕ ਤੱਥ ਵਿਚ ਪਰਿਵਰਤਤ ਕਰ ਦਿੱਤਾ। ਉੱਨੀ ਸੌ ਸਤਵੰਜਾ ਤੋਂ ਉਨੱਤਰ ਤੱਕ ਦੇ ਇਸ ਸਮੇਂ ਵਿਚ ਪੁਲਾੜ ਵਿਗਿਆਨ ਦੇ ਖੇਤਰ ਵਿਚ ਮਨੁੱਖ ਨੇ ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ। ਇਨ੍ਹਾਂ ਪ੍ਰਾਪਤੀਆਂ ਦੀ ਇਕ ਸਾਰਭੂਤ ਪੜਚੋਲ ਇਸ ਪਾਠ ਵਿਚ ਪੇਸ਼ ਕੀਤੀ ਜਾਵੇਗੀ।

**"ਮਨੁੱਖ ਰਹਿਤ ਉਪਗ੍ਰਹਿ ਅਤੇ ਪੁਲਾੜ ਵਿਮਾਨ"**

**"ਰੂਸ ਦਾ ਸਪੂਤਨਿਕ ਕਾਰਜਕਰਮ"**

ਇਸ ਪ੍ਰੋਗਰਾਮ ਦਾ ਪਹਿਲਾ, ਨਾਲ ਹੀ ਰੂਸ ਦਾ ਅਤੇ ਸੰਸਾਰ ਦਾ ਪਹਿਲਾ ਉਪਗ੍ਰਹਿ (Sputnik) 4 ਅਕਤੂਬਰ, 1957 ਨੂੰ ਛੱਡਿਆ ਗਿਆ। ਉਪਗ੍ਰਹਿ ਗੋਲਾਕਾਰ ਸੀ ਅਤੇ ਇਹ ਐਲੂਮੀਨੀਅਮ ਦੇ ਮਿਸ਼ਰਤ ਧਾਤੂਆਂ ਤੋਂ ਬਣਾਇਆ ਗਿਆ ਸੀ। 58 ਸੈਂ: ਮੀ: ਵਿਆਸ ਵਾਲੇ ਇਸ ਉਪਗ੍ਰਹਿ ਦੀ ਰਚਨਾ ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਸੀ ਕਿ ਸਾਰੀਆਂ ਹਾਲਤਾਂ ਵਿਚ ਇਸ ਦਾ ਤਾਪਮਾਨ ਬਰਾਬਰ ਰਹੇ। ਬਾਹਰੀ ਧਰਾਤਲ ਤੇ ਚਾਰ ਦੰਡਾਕਾਰ Aerial ਲੱਗੇ ਸਨ ਜਿਹੜੇ 24-29 ਮੀ: ਲੰਮੇ ਸਨ। ਉਪਗ੍ਰਹਿ ਦੇ ਅੰਦਰ ਦੋ ਰੇਡੀਉ ਟ੍ਰਾਂਸਮੀਟਰ ਲੱਗੇ ਸਨ ਜਿਹੜੇ ਲਗਾਤਾਰ 15 ਅਤੇ 7.5 ਮੀ: wavelength 'ਤੇ ਸੰਕੇਤ ਪ੍ਰਸਾਰਤ ਕਰਦੇ ਸਨ।

ਇਸ ਦਾ ਭਾਰ 184 ਪੌਂਡ (83.6 kgm.) ਸੀ ਅਤੇ ਇਹ 96.2 ਮਿੰਟ ਵਿਚ 588 ਮੀਲ ਦੀ ਵੱਧ ਤੋਂ ਵੱਧ ਅਤੇ 142 ਮੀਲ ਦੀ ਘੱਟ ਤੋਂ ਘੱਟ ਦੂਰੀ 'ਤੇ ਪਰਕਰਮਾ ਕਰਦਾ ਰਿਹਾ। ਪਰਕਰਮਾ ਪਥ ਵਿਚ ਗਤੀ ਲਗਪਗ 5 ਮੀਲ ਪ੍ਰਤੀ ਸੈਕਿੰਡ (8 ਕਿਲੋਮੀਟਰ ਪ੍ਰਤੀ ਸੈਕਿੰਡ) ਸੀ। 3 ਨਵੰਬਰ, 1957 ਨੂੰ ਰੂਸ ਨੇ ਸਪੂਤਨਿਕ-II (1957-B) ਛੱਡਿਆ ਜਿਹੜਾ 1120 ਪੌਂਡ (508.3 ਕਿ: ਗ:) ਭਾਰਾ ਸੀ। ਇਸ ਦੀਆਂ ਵੱਧ ਤੋਂ ਵੱਧ ਤੇ ਘੱਟ ਤੋਂ ਘੱਟ ਦੂਰੀਆਂ ਕ੍ਰਮ ਅਨੁਸਾਰ 1038 ਤੇ 140 ਮੀਲ ਅਤੇ ਪਰਕਰਮਾ ਦਾ ਸਮਾਂ 103.7 ਮਿੰਟ ਸੀ। Sputnik-I ਤੋਂ ਉਲਟ ਇਸ ਦਾ ਅਕਾਰ ਕੋਨ ਜਿਹਾ (Conical) ਸੀ ਅਤੇ ਇਹ ਵੱਖਰਾ ਉਪਗ੍ਰਹਿ ਨਾ ਹੋ ਕੇ, ਉਸੇ ਰਾਕੇਟ ਦਾ ਆਖਰੀ ਖੰਡ ਸੀ, ਜਿਸ ਨੇ ਇਹਨੂੰ ਗ੍ਰਹਿ-ਪੱਥ ਵਿਚ ਸਥਾਪਤ ਕੀਤਾ ਸੀ। ਉਪਗ੍ਰਹਿ ਵਿਚ ਰੇਡੀਉ ਟਰਾਂਸਮੀਟਰ ਅਤੇ ਯੰਤਰਾਂ ਤੋਂ ਛੁੱਟ X-Ray ਅਤੇ Cosmic-Radiation ਦੀ ਯੰਤਰ-ਜਾਂਚ ਕਰਨ ਵਾਲੇ ਢੰਗ ਵੀ ਸਨ। ਮਹੱਤਵਪੂਰਨ ਗੱਲ ਇਹ ਸੀ ਕਿ ਇਸ ਉਪਗ੍ਰਹਿ ਵਿਚ ਇਕ ਕੁੱਤੀ (Laika) ਵੀ ਸੀ। ਕੁੱਤੀ ਦਾ cylindrical-Cabin ਐਲੂਮੀਨੀਅਮ ਦੇ ਮਿਸ਼ਰਨ ਧਾਤੂਆਂ (Aluminium Alloys) ਤੋਂ ਬਣਾਇਆ ਗਿਆ ਸੀ ਅਤੇ ਉਸ ਵਿਚ ਕੁੱਤੀ ਦੇ ਭੋਜਨ ਅਤੇ ਸਾਹ ਲੈਣ ਦਾ ਠੀਕ ਪ੍ਰਬੰਧ ਸੀ। Cabin ਦੇ ਛੋਟੇ ਜਿਹੇ ਵਾਯੂ-ਮੰਡਲ ਵਿਚ ਵੱਖ-ਵੱਖ ਗੈਸਾਂ ਨੂੰ ਉਚਿਤ ਭਾਗਾਂ ਵਿਚ ਰੱਖਣ ਵਾਸਤੇ ਕਾਰਜਸ਼ੀਲ ਰਸਾਇਣਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਸੀ, ਜਿਹੜੇ ਜ਼ਰੂਰੀ Oxygen ਦਿੰਦੇ ਸਨ ਅਤੇ ਫਾਲਤੂ ਕਾਰਬਨ ਡਾਇਆਕਸਾਈਡ ਤੇ ਜਲ ਕਣਾਂ ਨੂੰ ਚੂਸ ਲੈਂਦੇ ਸਨ। Cabin ਦੇ ਅੰਦਰ ਤਾਪਮਾਨ ਨੂੰ ਕੰਟਰੋਲ ਕਰਨ ਦਾ ਕੰਮ ਇਕ ਯੰਤਰ ਕਰਦਾ ਸੀ। ਕੁੱਤੀ ਦੀ ਸਰੀਰਕ ਹਾਲਤ ਦਾ ਲਗਾਤਾਰ-ਰਿਕਾਰਡ ਭਿੰਨ ਯੰਤਰਾਂ ਦੇ ਇੱਕ ਸੈੱਟ (Set) ਰਾਹੀਂ ਰੱਖਿਆ ਜਾਂਦਾ ਸੀ, ਜਿਹੜੇ ਉਹਦੀ ਨਬਜ਼, ਦਿਲ ਦੀ ਧੜਕਨ ਅਤੇ ਲਹੂ-ਗੇੜ ਆਦਿ ਨੂੰ ਮਾਪਦੇ ਸਨ। ਪਰਕਰਮਾ ਪਥ ਤੋਂ ਇਹਨੂੰ ਵਾਪਸ ਪ੍ਰਾਪਤ ਕਰਨ ਦਾ ਕੋਈ ਯਤਨ ਨਹੀਂ ਕੀਤਾ ਗਿਆ। ਕੋਈ ਇਕ ਹਫ਼ਤੇ ਮਗਰੋਂ ਆਕਸੀਜਨ ਦੇ ਸਮਾਪਤ ਹੋਣ ਕਰਕੇ ਕੁੱਤੀ ਦੀ ਮੌਤ ਹੋ ਗਈ। ਜਨਵਰੀ 1958 ਦੇ ਪਹਿਲੇ ਹਫ਼ਤੇ ਇਕ ਸਪੂਤਨਿਕ-I ਨੇ ਵਾਯੂ-ਮੰਡਲ ਵਿਚ ਪ੍ਰਵੇਸ਼ ਕੀਤਾ ਅਤੇ ਸੜ ਕੇ ਨਸ਼ਟ ਹੋ ਗਿਆ। ਤਿੰਨ ਮਹੀਨੇ ਮਗਰੋਂ ਸਪੂਤਨਿਕ-II ਵੀ ਨਸ਼ਟ ਹੋ ਗਿਆ। ਸਪੂਤਨਿਕ-III ਜਾਂ 1958-B (ਬੀਟਾ) 2925 ਪੌਂਡ ਭਾਰਾ ਸੀ ਅਤੇ ਇਹ 15 ਨਵੰਬਰ, 1958 ਨੂੰ ਛੱਡਿਆ ਗਿਆ। ਇਸ ਵਿਚ ਕਈ ਪ੍ਰਕਾਰ ਦੇ ਯੰਤਰ ਲੱਗੇ ਸਨ, ਜਿਨ੍ਹਾਂ ਵਿਚ ਵਿਕਿਰਣ ਦਾ ਪਤਾ ਲਗਾਉਣ ਵਾਲੇ ਯੰਤਰ ਵੀ ਸਨ। ਇਸ ਦਾ ਉੱਚਤਮ ਬਿੰਦੂ 1167 ਮੀਲ ਅਤੇ ਨਿਮਨਤਮ ਬਿੰਦੂ 135 ਮੀਲ ਦੀ ਉਚਾਈ 'ਤੇ ਸੀ। ਪਰਕਰਮਾ ਦਾ ਸਮਾਂ 105 ਮਿੰਟ ਸੀ।

**ਐਕਸਪਲੋਰਰ (Explorer) ਕਾਰਜਕ੍ਰਮ (ਸੰ: ਰਾ: ਅਮਰੀਕਾ)** - ਸੰਸਾਰ ਦਾ ਤੀਜਾ ਅਤੇ ਅਮਰੀਕਾ ਦਾ ਪਹਿਲਾ ਬਨਾਉਟੀ ਉਪਗ੍ਰਹਿ Explorer-I ਜਾਂ 1958-a (ਐਲਫ਼ਾ) ਸੀ ਅਤੇ ਉਹ 31 ਜਨਵਰੀ, 1958 ਨੂੰ ਛੱਡਿਆ ਗਿਆ ਸੀ। ਉਪਗ੍ਰਹਿ ਦਾ ਛੱਡਣਾ-ਇੰਟਰਨੈਸ਼ਨਲ ਜੀਓ-ਫ਼ਿਜ਼ੀਕਲ ਵਰਸ਼ (International Geo-Physical Year) (ਭੂ-ਭੌਤਿਕ ਵਰਸ਼) ਦਾ ਇਕ ਭਾਗ ਸੀ ਜਿਹੜਾ ਪੰਜਾਹ ਰਾਸ਼ਟਰਾਂ ਰਾਹੀਂ ਜੁਲਾਈ 1957 ਤੋਂ ਦਸੰਬਰ 1958 ਤੱਕ ਮਨਾਇਆ ਗਿਆ। ਇਹ ਸਮਾਂ ਸੂਰਤ ਦੇ "ਸਨਸਪਾਟ ਸਾਈਕਲ" ਦਾ ਸਭ ਤੋਂ ਜ਼ਿਆਦਾ ਕਾਰਜਸ਼ੀਲਤਾ ਦਾ ਸਮਾਂ ਸੀ। ਇਸ ਉਪਗ੍ਰਹਿ ਦਾ ਏਪੋਜੀ 1573 ਮੀਲ ਅਤੇ ਪੈਰੀਜੀ 224 ਮੀਲ ਦੀ ਉਚਾਈ 'ਤੇ ਸੀ। ਭਾਰ 30.8 ਪੌਂਡ ਜਾਂ 13.9 ਕਿਲੋਗ੍ਰਾਮ ਸੀ। ਇਸ ਨੇ ਧਰਤੀ ਦੇ ਦੁਆਲੇ ਕੁਝ ਵਿਕਿਰਣ ਖੇਤਰਾਂ ਦਾ ਪਤਾ ਲਾਇਆ ਜਿਨ੍ਹਾਂ ਨੂੰ ਡਾ. ਜੇਮਜ਼ ਏ. ਵਾਨ ਐਲਨ (Dr. James A. Van Allen) ਦੇ ਨਾਂ 'ਤੇ "ਵਾਨ

ਏਲਨ ਰੇਡੀਏਸ਼ਨ ਬੈਲਟਸ" (Radiation Belts) ਦੇ ਨਾਂ ਨਾਲ ਸੱਦਿਆ ਜਾਂਦਾ ਹੈ। ਇਸੇ ਕਾਰਜਕ੍ਰਮ ਦੇ ਹੋਰ ਉਪਗ੍ਰਹਿਆਂ ਨੇ ਇਨ੍ਹਾਂ ਵਿਕਿਰਣ ਖੇਤਰਾਂ ਦੇ ਮਾਨਚਿੱਤਰ ਤਿਆਰ ਕੀਤੇ। ਇਸ ਦੇ ਇਲਾਵਾ ਉਨ੍ਹਾਂ ਨੇ ਅਯਨਸਫ਼ੀਅਰ ਦੀ ਰਚਨਾ, ਕਾਸਮਿਕ ਕਿਰਨਾਂ ਦੇ ਪ੍ਰਭਾਵ, ਪੁਲਾੜ ਵਿਚ ਤਾਪਮਾਨ, ਚੁੰਬਕੀ ਤੂਫ਼ਾਨਾਂ ਅਤੇ ਲਘੂ ਉਲਕਾਵਾਂ ਦੇ ਸਬੰਧ ਵਿਚ ਲਾਭਦਾਇਕ ਸੂਚਨਾ ਦਿੱਤੀ।

**ਵੈਨਗਾਰਡ (Vanguard) (ਸੰ: ਰਾ: ਅਮਰੀਕਾ)** - ਵੈਨਗਾਰਡ ਕਾਰਜਕ੍ਰਮ ਵੀ ਅੰਤਰਰਾਸ਼ਟਰੀ ਭੂ-ਭੌਤਿਕ ਵਰਸ਼ ਦਾ ਇਕ ਭਾਗ ਸੀ। ਵੈਨਗਾਰਡ—I (Vanguard-I) ਜਿਹੜਾ 3.25 ਪੌਂਡ (1.5 ਕਿਲੋਗ੍ਰਾਮ) ਭਾਰਾ ਸੀ, 17 ਮਾਰਚ, 1958 ਨੂੰ ਛੱਡਿਆ ਗਿਆ। ਇਸ ਦਾ ਏਪੋਜੀ 2453 ਮੀਲ (3900 ਕਿਲੋਮੀਟਰ) ਅਤੇ ਪੈਰੀਜੀ 409 ਮੀਲ (550 ਕਿਲੋਮੀਟਰ) ਸੀ। ਉਪਗ੍ਰਹਿ ਵਿਚ ਸ਼ਕਤੀ ਪੈਦਾ ਕਰਨ ਵਾਸਤੇ ਸੋਲਰ ਸੈੱਲ ਲੱਗੇ ਸਨ ਅਤੇ ਇਹ ਹੁਣ ਵੀ ਕੰਮ ਕਰ ਰਿਹਾ ਹੈ। ਅਨੁਮਾਨ ਹੈ ਕਿ ਇੱਕ ਹਜ਼ਾਰ ਵਰ੍ਹੇ ਤੱਕ ਇਹ ਇਸੇ ਤਰ੍ਹਾਂ ਪਰਕਰਮਾ ਕਰਦਾ ਰਹੇਗਾ। ਧਰਤੀ ਦੇ ਅਕਾਰ ਦੇ ਬਾਰੇ ਵਿਚ ਪੁਰਾਣੇ ਵਿਚਾਰਾਂ ਨੂੰ ਗਲਤ ਸਿੱਧ ਕਰਦੇ ਹੋਏ ਇਹ ਉਪਗ੍ਰਹਿ ਨੇ ਦੱਸਿਆ ਕਿ ਧਰਤੀ ਅਕਾਰ ਵਿਚ ਨਾਸ਼ਪਾਤੀ (Pear) ਦੇ ਸਮਾਨ ਹੈ। ਜਦ ਕਿ ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਇਹ ਇਕ ਅਜਿਹਾ ਗੋਲਾ ਹੈ ਜਿਹੜਾ ਧਰੂਆਂ ਵਿਚ ਧੱਸਿਆ ਹੋਇਆ ਹੈ। ਸ਼ਾਂਤ ਮਹਾਸਾਗਰ ਵਿਚ ਕੁਝ ਦੀਪਾਂ ਦੀ ਠੀਕ ਸਥਿਤੀ ਨਿਯਤ ਕਰਨ ਵਿਚ ਵੀ ਇਸ ਨੇ ਸਹਾਇਤਾ ਕੀਤੀ ਹੈ। Vanguard-II ਨੇ ਜਿਸ ਦਾ 9.4 ਕਿਲੋਗ੍ਰਾਮ ਭਾਰ ਸੀ, ਨੇ ਮੌਸਮ ਸਬੰਧੀ ਸੂਚਨਾ ਇਕੱਠੀ ਕੀਤੀ। ਵੈਨਗਾਰਡ—III ਜਿਸ ਨੂੰ ਸਤੰਬਰ 1959 ਵਿਚ ਛੱਡਿਆ ਗਿਆ ਸੀ, 22.5 ਕਿਲੋਗ੍ਰਾਮ ਭਾਰ ਦੇ ਯੰਤਰ ਲੈ ਗਿਆ। ਇਸ ਨੇ ਧਰਤੀ ਦੇ ਚੁੰਬਕੀ ਖੇਤਰ ਦੇ ਬਾਰੇ ਵਿਚ ਵਿਸ਼ਵ ਸੂਚਨਾ ਦੇਣ ਤੋਂ ਇਲਾਵਾ "ਵਾਨ-ਐਲਨ-ਜ਼ੋਨ" ਦਾ ਹੋਰ ਅਧਿਐਨ ਕੀਤਾ ਅਤੇ ਲਘੂ ਉਲਕਾ ਪਿੰਡਾਂ ਦੀਆਂ ਟੱਕਰਾਂ ਦੀ ਗਿਣਤੀ ਪੇਸ਼ ਕੀਤੀ।

**ਲਯੂਨਿਕ (Lunik) (ਸੋਵੀਅਤ ਸੰਘ)** - 2 ਜਨਵਰੀ, 1959 ਨੂੰ ਰੂਸ ਨੇ ਲਯੂਨਿਕ-I ਛੱਡਿਆ ਜਿਹੜਾ 796.5 ਪੌਂਡ ਭਾਰ ਲੈ ਗਿਆ ਸੀ। ਇਹ ਚੰਦ ਤੋਂ ਕੋਈ 3125 ਮੀਲ ਦੇ ਅੰਤਰ 'ਤੇ ਲੰਘਿਆ ਅਤੇ ਇਸ ਨੇ ਚੰਦ ਦੀ ਚੁੰਬਕੀ ਅਵਸਥਾ ਅਤੇ ਰੇਡੀਉ-ਸਕ੍ਰਿਅਤਾ ਦੇ ਬਾਰੇ ਵਿਚ ਸੂਚਨਾ ਪ੍ਰਾਪਤ ਕੀਤੀ। ਬਾਅਦ ਵਿਚ ਇਹ ਸੂਰਜ ਦੇ ਗ੍ਰਹਿਪਥ ਵਿਚ ਸਥਾਪਤ ਹੋ ਗਿਆ। ਇਸ ਦਾ ਨਿਕਟਤਮ ਬਿੰਦੂ ਸੂਰਜ ਤੋਂ $91.2 \times 10^6$ ਮੀਲ ਅਤੇ ਏਫ਼ੈਲੀਯਨ (ਦੂਰਤਮ ਬਿੰਦੂ) ਸੂਰਜ ਤੋਂ $123.1 \times 10^6$ ਮੀਲ ਦੂਰ ਹੈ। ਬਾਅਦ ਵਿਚ ਰੂਸੀਆਂ ਨੇ ਇਸ ਦਾ ਨਾਂ ਬਦਲ ਕੇ 'Metchta' ਰੱਖ ਦਿੱਤਾ। ਇਸ ਦਾ ਕੁੱਲ ਭਾਰ ਕੋਈ 4030 ਪੌਂਡ ਹੈ। ਸੂਰਜ ਦੇ ਗਿਰਦ ਪਰਕਰਮਾ ਦਾ ਸਮਾਂ 443 ਦਿਨ ਹੈ। 12 ਸਤੰਬਰ, 1959 ਨੂੰ ਲਯੂਨਿਕ-II (Lunik-II) ਛੱਡਿਆ ਗਿਆ ਜਿਹੜਾ 235,875 ਮੀਲ ਦਾ ਮਾਰਗ ਮੁਕਾ ਕੇ 34 ਘੰਟਿਆਂ ਮਗਰੋਂ 14 ਸਤੰਬਰ ਵਾਲੇ ਦਿਨ ਚੰਦ ਨਾਲ ਜਾ ਟਕਰਾਇਆ ਪਰ ਟੱਕਰ ਵਿਚ ਨਸ਼ਟ ਹੋ ਗਿਆ। ਇਹ 858.4 ਪੌਂਡ ਦਾ ਪੇ-ਲੋਡ ਲੈ ਗਿਆ। ਲਯੂਨਿਕ-III, 4 ਅਕਤੂਬਰ, 1959 ਨੂੰ ਛੱਡਿਆ ਗਿਆ ਸੀ ਅਤੇ ਇਸ ਨੇ ਚੰਦ ਦੇ ਪਿਛਲੇ ਭਾਗ ਦੇ ਚਿੱਤਰ ਲਏ। ਇਹਦਾ ਭਾਰ 613 ਪੌਂਡ ਸੀ। ਲਯੂਨਿਕ-IV 2 ਅਪ੍ਰੈਲ, 1953 ਨੂੰ ਛੱਡਿਆ ਗਿ ਸੀ ਅਤੇ 5300 ਮੀਲ ਦੇ ਅੰਤਰ ਤੋਂ ਇਸ ਨੇ ਚੰਦ ਦੀ ਪਰਕਰਮਾ ਕੀਤੀ। ਬਾਅਦ ਵਿਚ ਇਹ ਸੂਰਜ ਦਾ ਇਕ ਉਪਗ੍ਰਹਿ ਬਣ ਗਿਆ। ਇਸ ਕਾਰਜਕ੍ਰਮ ਦਾ ਆਖ਼ਰੀ ਅਤੇ ਸਭ ਤੋਂ ਮਹੱਤਵਪੂਰਨ ਉਪਗ੍ਰਹਿ ਲਿਊਨਾ-5 (Luna-5) ਸੀ। ਇਹ 3552 ਪੌਂਡ ਭਾਰਾ ਸੀ ਅਤੇ 10 ਮਈ, 1965 ਨੂੰ ਛੱਡਿਆ ਗਿਆ। 12 ਮਈ ਨੂੰ ਇਹ ਚੰਦ ਦੇ ਧਰਾਤਲ ਨਾਲ ਜਾ ਟਕਰਾਇਆ। ਇਸ ਨੇ ਸ਼ਾਇਦ ਚੰਦ ਦੀ ਮਿੱਟੀ ਦੇ ਸਬੰਧ ਵਿਚ ਸੂਚਨਾ ਧਰਤੀ 'ਤੇ ਭੇਜੀ।

**ਪਾਇਨੀਅਰ (Pioneer) (ਸੰਯੁਕਤ ਰਾਜ ਅਮਰੀਕਾ)** - ਪਾਇਨੀਅਰ ਅਜਿਹੇ ਵਿਮਾਨ ਹਨ ਜਿਹੜੇ ਅੰਤਰਗ੍ਰਹੀ ਪੁਲਾੜ ਵਿਚ ਹੋਰ ਗ੍ਰਹਿਆਂ ਦੇ ਸਬੰਧ ਵਿਚ ਮਹੱਤਵਪੂਰਨ ਸੂਚਨਾਵਾਂ ਪ੍ਰਾਪਤ ਕਰਦੇ ਹਨ। ਅਜਿਹਾ ਪਹਿਲਾ ਉਪਗ੍ਰਹਿ 11 ਅਕਤੂਬਰ, 1958 ਨੂੰ ਛੱਡਿਆ ਗਿਆ ਸੀ। ਇਸ ਨੇ ਵਾਨ-ਐਲਨ-ਜ਼ੋਨ ਅਤੇ ਲਘੂ ਉਲਕਾਵਾਂ ਸਬੰਧੀ ਖੋਜ ਕਾਰਜ ਕੀਤਾ। 7 ਦਸੰਬਰ, 1958 ਨੂੰ ਪਾਇਨੀਅਰ-III ਛੱਡਿਆ ਗਿਆ। ਇਸ ਨੇ ਵਿਕਿਰਣ ਦੀ ਇਕ ਹੋਰ ਪੱਟੀ ਦੇ ਅਸਤਿਤਵ ਦਾ ਪਤਾ ਲਾਇਆ। ਪਾਇਨੀਅਰ-5, 11 ਮਾਰਚ, 1960 ਨੂੰ ਛੱਡਿਆ ਗਿਆ। ਇਸ ਨੇ ਧਰਤੀ ਅਤੇ ਸ਼ੁੱਕਰ ਦੇ ਗ੍ਰਹਿਪਥਾਂ ਦੇ ਮੱਧ ਦੇ ਪੁਲਾੜ ਵਿਚਾਲੇ ਖੋਜ ਕੰਮ ਅਮਲੀ ਰੂਪ ਵਿਚ ਕੀਤਾ। ਇਹ ਸੂਰਜ ਦੇ ਦੁਆਲੇ ਪਰਕਰਮਾ ਪਥ 'ਚ ਸਥਾਪਤ ਹੋ ਗਿਆ ਅਤੇ ਇਸ ਨੇ $22 \times 10^6$ ਮੀਲ ($36 \times 10^6$ ਕਿਲੋਮੀਟਰ) ਦੇ ਰਿਕਾਰਡ ਦੇ ਅੰਤਰ ਨਾਲ ਰੇਡੀਉ ਸੁਨੇਹਾ ਧਰਤੀ 'ਤੇ ਭੇਜਿਆ। ਪਹਿਲਾ ਪਾਇਨੀਅਰ ਕੋਈ 113,000 ਕਿਲੋਮੀਟਰ ਦੀ ਉਚਾਈ ਤੱਕ ਪੁੱਜਾ। ਤੀਜਾ ਵੀ ਲਗਪਗ ਏਨਾ ਹੀ ਦੂਰ ਗਿਆ। ਪਾਇਨੀਅਰ-IV, ਜਿਹੜਾ ਕਿ 3 ਮਾਰਚ, 1959 ਨੂੰ ਛੱਡਿਆ ਗਿਆ ਸੀ, ਚੰਦ ਤੋਂ ਕੋਈ 60,000 ਕਿਲੋਮੀਟਰ (35,000 ਮੀਲ) ਦੇ ਅੰਤਰ ਤੱਕ ਪੁੱਜਾ।

**ਟਾਈਰੋਸ (Tiros) (ਅਮਰੀਕਾ)** - ਟਾਈਰੋਸ ਅਸਲ ਵਿਚ "ਟੈਲੀਵਿਜ਼ਨ ਐਂਡ ਇਨਫ਼ਰਾਰੇੱਡ ਆਬਜ਼ਰਵੇਸ਼ਨ ਸੈਟਾਲਾਈਟ" (Television and Infrared Observation Satellite) ਵਾਸਤੇ ਪ੍ਰਚੱਲਿਤ ਇਕ ਸੰਖੇਪ ਸ਼ਬਦ ਹੈ। ਇਹ ਉਪਗ੍ਰਹਿ ਮੌਸਮ ਸਬੰਧੀ ਛਾਣਬੀਣ ਕਰਕੇ ਚਿੱਤਰ ਧਰਤੀ ਤੇ ਭੇਜਦੇ ਹਨ। ਹਰ ਇਕ ਉਪਗ੍ਰਹਿ 275 ਪੌਂਡ (125 ਕਿਲੋਗ੍ਰਾਮ) ਭਾਰਾ ਸੀ ਅਤੇ ਉਨ੍ਹਾਂ ਦੇ ਗ੍ਰਹਿਪਥਾਂ ਦੀ ਜਿਹੜੇ ਕਿ ਲਗਪਗ ਵਰਿੱਤਾਕਾਰ ਹਨ, ਔਸਤ ਉਚਾਈ ਧਰਤੀ ਤੋਂ 750 ਕਿਲੋਮੀਟਰ ਹੈ। ਟਾਈਰੋਸ-1, ਜਿਹੜਾ 1 ਅਪ੍ਰੈਲ, 1960 ਨੂੰ ਛੱਡਿਆ ਗਿਆ ਸੀ, ਜ਼ਿਆਦਾ ਤੋਂ ਜ਼ਿਆਦਾ 466 ਮੀਲ ਅਤੇ ਘੱਟ ਤੋਂ ਘੱਟ 429 ਮੀਲ ਦੂਰ ਰਿਹਾ। ਇਸ ਨੇ ਬੱਦਲਾਂ ਦੇ ਕੋਈ 22,000 ਚਿੱਤਰ ਭੇਜੇ। ਇਸ ਤੋਂ ਮਗਰੋਂ ਇਕ ਦੇ ਬਾਅਦ ਇਕ, ਸੱਤ ਉਪਗ੍ਰਹਿ ਹੋਰ ਭੇਜੇ ਗਏ। ਸਤੰਬਰ 1964, ਤੱਕ ਲਗਪਗ 300,000 ਚਿੱਤਰ ਪ੍ਰਾਪਤ ਕੀਤੇ ਗਏ। ਟਾਈਰੋਸ ਕਾਰਜਕ੍ਰਮ ਏਨਾ ਸਫਲ ਰਿਹਾ ਕਿ ਇਕ ਹੋਰ ਕਾਰਜਕ੍ਰਮ ਨਿੰਬਸ (Nimbus) ਇਸੇ ਪ੍ਰਕਾਰ ਦਾ ਅਰੰਭ ਕੀਤਾ ਗਿਆ। ਪਹਿਲੇ ਨਿੰਬਸ ਵਿਚ ਇਕ ਉਪਗ੍ਰਹਿ 28 ਅਗਸਤ, 1964 ਨੂੰ ਛੱਡਿਆ ਗਿਆ। ਇਸ ਦਾ ਭਾਰ 1.825 ਕਿਲੋਗ੍ਰਾਮ ਹੈ ਅਤੇ ਇਸ ਨੇ 27,000 ਚਿੱਤਰ ਭੇਜੇ ਹਨ।

**ਸਪੇਸ ਕ੍ਰਾਫ਼ਟ (Space Craft), (ਸੋਵੀਅਤ ਸੰਘ)** - 15 ਮਈ, 1960 ਨੂੰ ਸੋਵੀਅਤ ਸੰਘ ਨੇ ਸਪੇਸ ਕ੍ਰਾਫ਼ਟ ਛੱਡਿਆ। ਸਪੇਸ ਕ੍ਰਾਫ਼ਟ ਉਪਗ੍ਰਹਿ ਹੋਰ ਉਪਗ੍ਰਹਿਆਂ ਨਾਲੋਂ ਭਿੰਨ ਇਸ ਲਈ ਹੈ, ਕਿਉਂਕਿ ਇਨ੍ਹਾਂ ਨੂੰ ਗ੍ਰਹਿ-ਪੱਥ ਤੋਂ ਵਾਪਸ ਪਰਾਪਤ ਕੀਤਾ ਜਾਂਦਾ ਹੈ। ਪਰ ਇਹ ਪਹਿਲਾ ਸਪੇਸਕ੍ਰਾਫ਼ਟ ਗ੍ਰਹਿਪਥ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਿਆ। ਸਪੇਸਕ੍ਰਾਫ਼ਟ-II ਪਹਿਲਾ ਵਿਮਾਨ ਸੀ ਜਿਹੜਾ ਗ੍ਰਹਿਪਥ ਤੋਂ ਵਾਪਸ ਪ੍ਰਾਪਤ ਕੀਤਾ ਗਿਆ। ਇਹ 19 ਅਗਸਤ, 1960 ਨੂੰ ਛੱਡਿਆ ਗਿਆ। ਜਿਸ ਵਿਚ ਦੋ ਕੁੱਤੇ ਬੈਲਕਾ

ਅਤੇ ਸਟਰੈਲਕਾ (Belka and Strelka), ਕੁਝ ਚੂਹੇ ਅਤੇ ਮੱਖੀਆਂ ਸਨ। ਇਸ ਦਾ ਭਾਰ 10, 140 ਪੌਂਡ (ਲਗਪਗ 4.5 ਟਨ) ਸੀ। ਏਪੋਜੀ 211 ਮੀਲ, ਪੈਰੀਜੀ 190 ਮੀਲ ਅਤੇ ਪਰਕਰਮਾ ਦਾ ਸਮਾਂ 90.72 ਮਿੰਟ ਸੀ। ਵਿਮਾਨ ਨੇ 18 ਪਰਕਰਮਾ ਕੀਤੀਆਂ। ਇਸ ਦੇ ਮਗਰੋਂ ਦਸੰਬਰ, 1960 ਨੂੰ ਸਪੇਸਕ੍ਰਾਫ਼ਟ-III ਛੱਡਿਆ ਗਿਆ ਜਿਹੜਾ 10,221 ਪੌਂਡ ਭਾਰੀ ਸੀ। ਇਸ ਦੀ ਨਿਕਟਤਮ ਅਤੇ ਅਧਿਕਤਮ ਦੂਰੀ ਕ੍ਰਮ ਅਨੁਸਾਰ 117 ਅਤੇ 165 ਮੀਲ ਸੀ। ਪਰਕਰਮਾ ਦਾ ਸਮਾਂ 88.6 ਮਿੰਟ ਅਤੇ ਇਨ੍ਹਾਂ ਦੀ ਸੰਖਿਆ 18 ਹੈ। ਇਸ ਵਿਚ ਦੋ ਕੁੱਤੇ ਸਨ, ਜਿਨ੍ਹਾਂ ਦਾ ਨਾਂ ਸ਼ਿਉਲਕਾ (Pchyolka) ਅਤੇ ਮੁਸ਼ਕਾ (Mushka) ਸੀ। ਇਨ੍ਹਾਂ ਦੇ ਇਲਾਵਾ ਹੋਰ ਛੋਟੇ ਪ੍ਰਾਣੀ ਅਤੇ ਪੌਦੇ ਸਨ। ਯਾਨ ਵਾਯੂ-ਮੰਡਲ ਵਿਚ ਦੁਬਾਰਾ ਪ੍ਰਵੇਸ਼ ਕਰਨ 'ਤੇ ਸੜ ਗਿਆ। ਸਪੇਸ ਕ੍ਰਾਫ਼ਟ IV ਵਿਚ ਚੈਰਨੁਸ਼ਕਾ (Chernushka) ਨਾਂਉ ਦਾ ਇਕ ਕੁੱਤਾ ਅਤੇ ਹੋਰ ਛੋਟੇ ਪ੍ਰਾਣੀ ਸਵਾਰ ਸਨ। 154 ਮੀਲ ਦੀ ਅਧਿਕਤਮ ਅਤੇ 114 ਮੀਲ ਦੀ ਨਿਕਟਤਮ ਦੂਰੀ 'ਤੇ ਰਹਿੰਦਿਆਂ ਹੋਇਆਂ ਇਸ ਵਿਮਾਨ ਨੇ 88.3 ਮਿੰਟ ਵਿਚ ਇਕ ਪਰਕਰਮਾ ਕੀਤੀ। ਇਸ ਨੂੰ 9 ਮਾਰਚ, 1961 ਨੂੰ ਛੱਡਿਆ ਗਿਆ, ਇਸ ਦਾ ਭਾਰ 10.360 ਪੌਂਡ ਸੀ। ਪੰਜਵਾਂ ਸਪੇਸ ਕਰਾਫ਼ਟ ਵੀ ਚੌਥੇ ਵਾਂਗ ਪਹਿਲੀ ਪਰਕਰਮਾ ਦੇ ਦੌਰਾਨ ਪ੍ਰਾਪਤ ਕੀਤਾ ਗਿਆ। ਇਸ ਵਿਚ ਵੀ ਇਕ ਕੁੱਤਾ ਜ਼ਵੇਜ਼ਡੋਸ਼ਕਾ (ZVYOZDOCHKA) ਸੀ। 10.350 ਪੌਂਡ ਦੇ ਭਾਰ ਸਮੇਤ ਇਸ ਨੂੰ 25 ਮਾਰਚ, 1961 ਨੂੰ ਗ੍ਰਹਿਪਥ ਵਿਚ ਸਥਾਪਤ ਕੀਤ ਗਿਆ। ਇਹਦਾ ਐਪੋਜੀ 153 ਮੀਲ 'ਤੇ, ਪੈਰੀਜੀ 111 ਮੀਲ ਤੇ ਅਤੇ ਪਰਕਰਮਾ ਦਾ ਸਮਾਂ 88.4 ਮਿੰਟ ਸੀ।

## ਸਿਹਤ ਸੰਭਾਲ

# ਆਓ ਰੁੱਖ ਬਚਾਈਏ !

ਪ੍ਰਕਿਰਤੀ ਵਿਚ ਸਾਵਾਂਪਣ ਬਣਾਈ ਰੱਖਣ ਲਈ ਰੁੱਖਾਂ ਦੀ ਕਾਰਜਾਤਮਕ ਮਹੱਤਤਾ ਹੈ। ਜੇ ਧਰਤੀ ਉਤੇ ਰੁੱਖ ਜਾਂ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਰਤਮਨ ਸਮੇਂ ਵਿਚ ਧਰਤੀ ਉਤੇ ਹੋ ਰਹੀ ਜੰਗਲਾਂ ਦੀ ਲਗਾਤਾਰ ਅਤੇ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਹੀ ਹੈ ਜਿਸ ਦਾ ਸਿੱਟਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**



ਸਭਿਆਚਾਰਕ ਪ੍ਰਸੰਗ ਵਿਚ ਰੁੱਖਾਂ ਦਾ ਮਨੁੱਖੀ ਜ਼ਿੰਦਗੀ ਨਾਲ ਅਟੁੱਟ ਰਿਸ਼ਤਾ ਹੈ ਕਿਉਂਕਿ ਜੁਗਾਂ-ਜੁਗਾਂਤਰਾਂ ਤੋਂ ਇਹ ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਵੇਦਾਂ, ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕ੍ਰਿਤਕ ਮਹੱਤਤਾ ਦਰਸਾਈ ਗਈ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਇਸ ਕਰਕੇ ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ।

ਇਸ ਕਰਕੇ ਪਿੱਪਲ ਆਪਣੇ ਧੰਨ ਭਾਗ ਸਮਝਦਾ ਹੈ ਤੇ ਸਾਉਣ ਦੇ ਮਹੀਨੇ ਕੁੜੀਆਂ ਵੱਲੋਂ ਉਸ ਉਤੇ ਪੀਂਘਾਂ ਪਾਉਣ ਤੇ ਉਹ ਆਪਣੀ ਖ਼ੁਸ਼ੀ ਦਾ ਇਜ਼ਹਾਰ ਲੋਕ ਗੀਤਾਂ ਰਾਹੀਂ ਕਰਦਾ ਹੈ।

'ਬੋਹੜ' ਦਾ ਰੁੱਖ ਆਪਣੀ ਵਡੇਰੀ ਉਮਰ ਅਤੇ ਸੰਘਣੇਪਣ ਲਈ ਪ੍ਰਸਿੱਧ ਹੈ। ਇਹ ਕਈ ਸੌ ਸਾਲ ਜਿਉਂਦਾ ਰਹਿੰਦਾ ਹੈ ਅਤੇ 70 ਤੋਂ 100 ਫੁੱਟ ਤੱਕ ਉਚਾ ਹੋ ਜਾਂਦਾ ਹੈ। ਇਸ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਦੂਰ ਤੱਕ ਆਪਣੀ ਪਕੜ ਬਣਾਈ ਰੱਖਦੀਆਂ ਹਨ। ਪੁਰਾਣੇ ਸਮੇਂ ਵਿਚ ਰਿਸ਼ੀ ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਸ਼ਾਇਦ ਏਸੇ ਕਰਕੇ ਕਈ ਲੋਕ ਬੋਹੜ ਦੇ ਰੁੱਖ ਦੀ ਪੂਜਾ ਕਰਦੇ ਹਨ। ਬੋਹੜ ਨੂੰ ਬੜ ਜਾਂ ਬਰੋਟਾ ਵੀ ਕਿਹਾ ਜਾਂਦਾ ਹੈ।

ਰੁੱਖ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਹਨ। ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ 'ਕਿੱਕਰ' ਦੇ ਰੁੱਖ ਦਾ ਜ਼ਿਕਰ ਅਕਸਰ ਸੁਣਨ-ਗਾਉਣ ਵਿਚ ਆਉਂਦਾ ਹੈ। ਇਸ ਦੀ ਛਿੱਲ ਕੱਪੜਾ ਤੇ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਪਿੰਡਾਂ ਵਿਚ ਦੇਸੀ ਸ਼ਰਾਬ ਬਣਾਉਣ ਲਈ ਵੀ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ। ਕਿੱਕਰ ਦੇ ਸੱਕ, ਫੁੱਲ ਅਤੇ ਤੁੱਕਿਆਂ ਤੋਂ ਕਈ ਬਿਮਾਰੀਆਂ ਦੇ ਇਲਾਜ ਲਈ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਲਾ ਖਰਾਬ ਹੋਣ ਤੇ ਇਸ ਦੇ ਸੱਕ ਨੂੰ ਪਾਣੀ ਵਿਚ ਭਿਉਂ ਕੇ ਗਰਾਰੇ ਕੀਤੇ ਜਾਂਦੇ ਹਨ। ਵੈਦ ਲੋਕ ਕਿੱਕਰ ਦੇ ਫੁੱਲਾਂ ਦੀ ਗੁਲਕੰਦ ਬਣਾਉਂਦੇ ਹਨ ਜੋ ਫੋੜੇ ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖ਼ੂਨ ਵੀ ਸਾਫ਼ ਕਰਦੀ ਹੈ।

ਆਦਿ ਮਨੁੱਖ ਰੁੱਖਾਂ ਥੱਲੇ ਆਪਣੀ ਰਿਹਾਇਸ਼ ਕਰਦਾ ਰਿਹਾ ਹੈ। ਉਹ ਢਿੱਡ ਭਰਨ ਲਈ ਫਲ ਅਤੇ ਪੱਤਿਆਂ ਨੂੰ ਵਰਤਦਾ ਰਿਹਾ ਹੈ ਅਤੇ ਕੁਝ ਸੋਝੀ ਆਉਣ ਤੇ ਰੁੱਖਾਂ ਦੇ ਪੱਤਿਆਂ ਨਾਲ ਆਪਣਾ ਤਨ ਢੱਕਣ ਦਾ ਕਾਰਜ ਵੀ ਕਰਦਾ ਰਿਹਾ ਹੈ। ਅਰਥਾਤ ਰੁੱਖ ਹੀ ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਲੋੜਾਂ ਪੂਰੀਆਂ ਕਰਦੇ ਹਨ। ਕੁਦਰਤ ਨੇ ਮਨੁੱਖ ਤੋਂ ਪਹਿਲਾਂ ਜੰਗਲ-ਬੇਲੇ ਇਸ ਲਈ ਪੈਦਾ ਕੀਤੇ ਕਿਉਂਕਿ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਅਸੰਭਵ ਸੀ।

# ਆਓ ਜਾਣੀਏ !

- ਸੰਪਾਦਕ

**ਲਸਣ ਦੇ ਗੁਣ-ਔਗੁਣ ਤੇ ਨੁਸਖ਼ੇ** – ਲੱਸਣ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਬਹੁਤ ਵੱਡੀ ਲਿਸਟ ਹੈ। ਇਸ ਦੇ ਗੁਣ ਸੰਖੇਪ ਜਿਹੇ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਵੇਂ ਲਸਣ ਵਿਚ ਅਨੇਕਾਂ ਗੁਣ ਹਨ। ਇਹ ਅੰਮ੍ਰਿਤ ਰੂਪ ਹੈ ਇਹ ਜੜ੍ਹੀ ਬੂਟੀਆਂ ਦੀ ਮੁੱਖ ਹੈ। ਸਰੀਰ ਵਿਚ ਤਾਕਤ ਪੈਦਾ ਕਰਦੀ ਹੈ। ਕਫ਼ ਬਲਗਮ ਨੂੰ ਵੀ ਦੂਰ ਕਰਦੀ ਹੈ। ਇਹ ਔਸ਼ਧੀਆਂ ਦੀ ਗੁਰੂ ਹੈ। ਟੁੱਟੀਆਂ ਹੱਡੀਆਂ ਨੂੰ ਜੋੜਦੀ ਹੈ। ਲਸਣ ਵਿਚ ਬਹੁਤ ਸਾਰੇ ਗੁਣ ਹਨ। ਪਰ ਪਤਾ ਨਹੀਂ ਪ੍ਰਮਾਤਮਾ ਨੇ ਇਸ ਵਿਚ ਕਿਉਂ ਦੁਰਗੰਧ ਪਾਈ ਹੈ। ਪਰ ਇਸ ਦੁਰਗੰਧੀ ਦੇ ਕਾਰਨ ਇਸ ਨੂੰ ਤਿਆਗਣ ਦੀ ਭੁੱਲ ਨਾ ਕਰੀਏ, ਨਹੀਂ ਤਾਂ ਇਸ ਦੇ ਬਹੁਤ ਸਾਰੇ ਲਾਭਾਂ ਤੋਂ ਵਾਂਝੇ ਰਹਿ ਜਾਵਾਂਗੇ। ਆਚਾਰੀਆ ਭਾਵ ਮਿਸਰ ਜੀ ਦੇ ਲਸਣ ਦੀ ਉਤਪਤੀ ਬਾਰੇ ਲਿਖਿਆ ਹੈ ਕਿ ਦੇਵ ਰਾਜ ਇੰਦਰ ਦੇ ਪਾਸੋਂ ਜਦੋਂ ਗਰੁੜ ਨੇ ਅੰਮ੍ਰਿਤ ਹਰਨ ਕੀਤਾ ਤਾਂ ਉਸ ਵਿਚੋਂ ਇਕ ਬੂੰਦ ਜ਼ਮੀਨ ਤੇ ਗਿਰ ਪਈ ਬੱਸ ਉਥੇ ਉਸ ਬੂੰਦ ਦੇ ਸਥਾਨ ਤੇ ਲੱਸਣ ਉੱਗ ਆਇਆ। ਹੋਰ ਵੀ ਬਹੁਤ ਸਾਰੇ ਪ੍ਰਮਾਣ ਹਨ। ਜਿਵੇਂ ਕਿ ਉਸ ਅੰਮ੍ਰਿਤ ਕੁੰਭ ਵਿਚੋਂ ਜਿੱਥੇ ਜਿੱਥੇ ਵੀ ਹੋਰ ਅੰਮ੍ਰਿਤ ਦੀਆਂ ਬੂੰਦਾਂ ਡਿੱਗੀਆਂ ਤਾਂ ਉਸ ਥਾਂ 'ਤੇ ਬਹੁਤ ਸਾਰੀਆਂ ਅੰਮ੍ਰਿਤਮਈ ਜੜ੍ਹੀਆਂ-ਬੂਟੀਆਂ ਪੈਦਾ ਹੋਈਆਂ। ਜਿਵੇਂ ਕਿ ਗਿਲੋ, ਲਸਣ, ਪੁਨਰਵਾ, ਮੇਦਾ, ਮਹਾਂਮਦਾ, ਜੀਵਕ, ਰਿਸਭਿਕ, ਕੰਕੌਲੀ, ਖੀਰ ਕੰਕੋਲੀ, ਰਿੱਧੀ, ਬ੍ਰਿਧੀ ਜਿਵੇਂ ਇਹ ਅਸ਼ਟ ਵਰਗ ਹੈ ਤੇ ਹੋਰ ਵੀ ਬੂਟੀਆਂ ਅੰਮ੍ਰਿਤਮਈ ਪੈਦਾ ਹੋਈਆਂ ਹਨ ਉਨ੍ਹਾਂ ਵਿਚੋਂ ਹੀ ਇਕ ਲਸਣ ਹੈ। ਕਿਹਾ ਜਾਂਦਾ ਹੈ ਕਿ ਇਸ ਵਿਚ ਦੁਰਗੰਧ ਹੋਣ ਦਾ ਕਾਰਨ ਕਿਸੇ ਸਰਾਪ ਤੋਂ ਹੋਇਆ ਹੈ। ਇਸ ਦੀ ਕਹਾਣੀ ਇਉਂ ਹੈ। ਚਾਰ ਸਾਧੂ ਪਹਾੜੀਆਂ ਵਿਚ ਵਿਚਰ ਰਹੇ ਸਨ। ਇਕ ਸਾਧੂ ਬਿਮਾਰ ਹੋ ਗਿਆ ਜਿਸ ਨੂੰ ਕਾਫੀ ਖਾਂਸੀ, ਬੁਖਾਰ ਰਹਿਣ ਕਾਰਨ ਰਾਜਯਕਸ਼ਮ (ਟੀ.ਬੀ.) ਰੋਗ ਹੋ ਗਿਆ। ਨਾਲ ਦੇ ਸਾਥੀ ਕੁੱਝ ਚਿਰ ਤਾਂ ਚੁੱਕੀ ਫਿਰਦੇ ਰਹੇ। ਪਰ ਉਸਦਾ ਅੰਤਿਮ ਸਮਾਂ ਦੇਖ ਕੇ ਪਹਾੜਾਂ ਵਿਚ ਹੀ ਛੱਡ ਕੇ ਆ ਗਏ। ਉਹ ਤੁਰ ਫਿਰ ਨਹੀਂ ਸਕਦਾ ਸੀ ਜਦੋਂ ਉਸ ਨੂੰ ਜ਼ਿਆਦਾ ਭੁੱਖ ਨੇ ਸਤਾਇਆ ਤਾਂ ਉਹ ਲੇਟਿਆ ਹੋਇਆ ਪਹਾੜ ਤੋਂ ਕੁਝ ਲੱਭਣ ਲੱਗਾ। ਉਸ ਦੇ ਹੱਥ ਵਿਚ ਜੋ ਬੂਟੀ ਆਈ ਉਸ ਨੂੰ ਖਾਣ ਲੱਗਾ। ਜਿਉਂ-ਜਿਉਂ ਉਸ ਨੂੰ ਭੁੱਖ ਲੱਗਦੀ ਉਸ ਪੌਦੇ ਨੂੰ ਖਾਈ ਜਾਂਦਾ ਰਿਹਾ। ਹੌਲੀ-ਹੌਲੀ ਦਿਨਾਂ ਵਿਚ ਹੀ ਉਹ ਰੋਗ ਰਹਿਤ ਹੋ ਗਿਆ। ਉਹ ਪੌਦੇ ਲੱਸਣ ਦੇ ਹੀ ਸਨ। ਜਿਸ ਨਾਲ ਉਸ ਦੇ ਸਭ ਰੋਗ ਦੂਰ ਹੋ ਗਏ। ਜਦੋਂ ਉਹ ਬਿਲਕੁਲ ਤੰਦਰੁਸਤ ਹੋ ਗਿਆ ਪਹਾੜੀ ਤੋਂ ਉੱਤਰ ਆਇਆ ਤੇ ਤੀਰਥ ਯਾਤਰਾ ਕਰਨ ਲੱਗਾ। ਕੁੰਭ ਦੇ ਜੋੜ ਮੇਲੇ ਤੇ ਹਰਿਦੁਆਰ ਉਸ ਨੂੰ ਉਹ ਤਿੰਨੋਂ ਸਾਧੂ ਮਿਲ ਗਏ, ਜੋ ਉਸ ਨੂੰ ਛੱਡ ਕੇ ਆ ਗਏ ਸੀ। ਉਹ ਦੇਖ ਕੇ ਬਹੁਤ ਹੈਰਾਨ ਹੋਏ। ਉਸ ਨੇ ਵੀ ਪਛਾਣ ਲਏ। ਉਨ੍ਹਾਂ ਨੇ ਪੁੱਛਿਆ ਕਿ ਤੂੰ ਕਿਵੇਂ ਰਾਜ਼ੀ ਹੋ ਗਿਆ? ਉਸ ਨੇ ਦੱਸਿਆ ਕਿ ਮੈਂ ਇਕ ਬੂਟੀ ਦੇ ਪੌਦੇ ਨੂੰ ਖਾ ਕੇ ਰਾਜ਼ੀ ਹੋ ਗਿਆ। ਜਦੋਂ ਉਨ੍ਹਾਂ ਨੇ ਪੁੱਛਿਆ ਕਿ ਉਹ ਕਿਹੜੀ ਬੂਟੀ ਹੈ ਸਾਨੂੰ ਦੱਸ? ਉਹ ਆਖਣ ਲੱਗਾ ਮੈਂ ਤੁਹਾਨੂੰ ਨਹੀਂ ਦੱਸਾਂਗਾ, ਤੁਸੀਂ ਮੈਨੂੰ ਔਖੇ ਵੇਲੇ ਛੱਡ ਕੇ ਆਏ ਸੀ ਤਾਂ ਉਨ੍ਹਾਂ ਕੇ ਕਹਿ ਦਿੱਤਾ ਕਿ ਜਿਹੜੀ ਬੂਟੀ ਖਾ ਕੇ ਤੂੰ ਰਾਜ਼ੀ ਹੋਇਆ ਹੈਂ, ਉਸ ਵਿਚੋਂ ਦੁਰਗੰਧ ਆਵੇਗੀ।

**ਲੱਸਣ ਦੇ ਗੁਣ** - ਵਾਯੂ ਦੇ ਰੋਗਾਂ ਵਿਚ ਇਸ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਲਸਣ ਨੂੰ ਛਿੱਲ ਕੇ ਰਗੜ ਕੇ, ਘਿਉ ਵਿਚ, ਤਿਲਾਂ ਦੇ ਤੇਲ ਵਿਚ ਪਕਾ ਕੇ ਖਾਣਾ ਲਾਭਦਾਇਕ ਹੈ। ਆਚਾਰੀਆ ਸਾਰੰਗਧਰ ਨੇ ਲੱਸਣ ਨੂੰ ਰਾਤ ਤੱਕ ਖੱਟੀ ਲੱਸੀ ਵਿਚ ਭਿਉਂ ਕੇ ਸਵੇਰੇ ਠੰਢੇ ਪਾਣੀ ਨਾਲ ਧੋ ਕੇ ਚਟਣੀ ਬਣਾ ਕੇ ਉਸ ਵਿਚ ਪੰਜਵਾਂ ਹਿੱਸਾ ਇਹ ਚੀਜ਼ਾਂ ਮਿਲਾ ਕੇ ਖਾਣਾ ਦੱਸਿਆ ਹੈ। ਕਾਲਾ ਨਮਕ, ਅਜਵੈਣ, ਭੁੰਨੀ ਹਿੰਗ, ਸੇਂਧਾ ਨਮਕ, ਸੁੰਢ, ਕਾਲ਼ੀ ਮਿਰਚ, ਪੀਪਰੀ ਅਤੇ ਜੀਰਾ ਇਹ ਚੀਜ਼ਾਂ ਬਰਾਬਰ ਲੈ ਕੇ ਚੂਰਨ ਕਰੋ। ਤੇ ਉਸ ਚਟਨੀ ਵਿਚ ਮਿਲਾ ਕੇ ਸੇਵਨ ਕਰਨਾ ਕਿਹਾ ਹੈ। ਇਸ ਨਾਲ ਭੁੱਖ ਲੱਗਦੀ ਹੈ, ਤਾਕਤ ਆਉਂਦੀ ਹੈ, ਮਾਂਹਵਾਰੀ ਠੀਕ ਆਉਂਦੀ ਹੈ। ਇਸ ਚਟਨੀ ਦੀ ਖ਼ੁਰਾਕ 10 ਤੋਂ 12 ਗ੍ਰਾਮ ਤੱਕ ਦੀ ਹੈ।

**ਵਰਤੋਂ ਵਿਧੀ** - ਲੱਸਣ ਦੀ ਵਰਤੋਂ ਗਰਮੀ ਦੇ ਰੋਗਾਂ ਵਿਚ ਸ਼ੱਕਰ ਨਾਲ, ਕਫ਼ ਦੇ ਰੋਗਾਂ ਵਿਚ ਸ਼ਹਿਦ ਨਾਲ, ਵਾਯੂ ਦੇ ਰੋਗਾਂ ਵਿਚ ਦੇਸੀ ਘਿਓ ਨਾਲ ਵਰਤੋਂ ਕਰਨੀ ਚਾਹੀਦੀ ਹੈ। ਗਰੀਖਮ (ਜੇਠ, ਹਾੜ੍ਹ) ਰੁੱਤ ਵਿਚ ਸੂਰਜ ਉਤਰਾਇਣ ਹੁੰਦਾ ਹੈ। ਇਹ ਰੁੱਤ ਗਰਮੀ ਪ੍ਰਦਾਨ ਹੈ। ਇਸ ਵਿਚ ਲੱਸਣ ਘੱਟ ਜਾਂ ਨਾ ਵਰਤਣਾ ਚਾਹੀਦਾ ਹੈ। ਵਰਖਾ ਰੁੱਤ, ਸਰਦ ਰੁੱਤ ਤੇ ਹੇਮੰਤ ਰੁੱਤ ਵਿਚ ਸੂਰਜ ਦਖਣਾਇਣ ਹੁੰਦਾ ਹੈ ਇਨ੍ਹਾਂ ਰੁੱਤਾਂ ਵਿਚ ਲਸਣ ਦੀ ਵਰਤੋਂ ਲਾਭਕਾਰੀ ਹੈ। ਲੱਸਣ ਦੀ ਵਰਤੋਂ ਸਮੇਂ ਜ਼ਿਆਦਾ ਕਸਰਤ, ਧੁੱਪ, ਜ਼ਿਆਦਾ ਪਾਣੀ ਪੀਣਾ, ਦੁੱਧ ਤੇ ਗੁੜ ਦਾ ਸੇਵਨ ਹਾਨੀਕਾਰਕ ਹੈ। ਗਰਮ ਪ੍ਰਕ੍ਰਿਤੀ ਵਾਲੇ ਅਤੇ ਗਰਭਵਤੀ ਇਸਤਰੀਆਂ ਲਈ ਵੱਸਣ ਦੀ ਵਰਤੋਂ ਨੁਕਸਾਨਦਾਇਕ ਹੈ ਅਤੇ ਰਕਤਦੋਸ਼ ਪਿੱਤ, ਪੀਲ਼ੀਆ, ਰੋਗ, ਧੁੱਪ ਵਿਚ ਕੰਮ ਕਰਨ ਵਾਲਿਆਂ ਵਾਸਤੇ ਹਾਨੀਕਾਰਕ ਹੈ। ਜ਼ਿਆਦਾ ਮਾਤਰਾ ਵਿਚ ਵਰਤਿਆ ਲਸਣ ਮਿਹਦੇ ਤੇ ਅੰਤੜੀਆਂ ਵਿਚ ਜਲਣ ਪੈਦਾ ਕਰਦਾ ਹੈ।

**ਲਸਣ ਦਾ ਦੋਸ਼ ਦੂਰ ਕਰਨ ਲਈ** - ਧਨੀਆ, ਕਤੀਰਾ ਗੂੰਦ, ਬਦਾਮ ਰੋਗਨ ਦੀ ਵਰਤੋਂ ਕਰੋ।

**ਦੁਰਗੰਧ ਦੂਰ ਕਰਨ ਵਾਸਤੇ** - ਸੌਂਫ ਅਤੇ ਇਲਾਇਚੀ ਦੀ ਵਰਤੋਂ ਕਰੋ ਲੱਸਣ ਦੀ ਜਗ੍ਹਾ ਪਿਆਜ਼ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਲਸਣ ਸੋਧਣ** - ਵੈਸੇ ਤਾਂ ਇਸ ਨੂੰ ਸੋਧਣ ਦੀ ਖਾਸ ਲੋੜ ਨਹੀਂ ਹੁੰਦੀ ਪਰ ਉਸ ਦੀ ਉਗਰਤਾ ਘੱਟ ਕਰਨ ਵਾਸਤੇ ਲੋੜ ਹੋਵੇ ਤਾਂ ਇਸ ਦੀਆਂ ਪੋਥੀਆਂ ਛਿੱਲ ਕੇ ਵਿਚੋਂ ਜੀਭੀ ਕੱਢ ਕੇ ਰਾਤ ਨੂੰ ਰਿੜਕੀ ਲੱਸੀ ਵਿਚ ਭਿਉਂ ਦੇਵੋ ਸਵੇਰ ਲੱਸਣ ਕੱਢ ਕੇ ਠੰਢੇ ਪਾਣੀ ਨਾਲ ਧੋ ਲਵੋ, ਇਸ ਨਾਲ ਦੁਰਗੰਧ ਘੱਟ ਜਾਵੇਗੀ। ਪਰ ਬਿਲਕੁਲ ਤਾਂ ਨਹੀਂ ਹਟਦੀ ਕਿਉਂਕਿ ਕਿਹਾ ਵੀ ਹੈ।

**ਲਸਣ ਤਜੇ ਨਾ ਗੰਧ, ਡਾਲੋ ਚਾਹੇ ਕੇਵੜ੍ਹਾ।**

ਲਸਣ ਦੀ ਵਰਤੋਂ ਕਰਨ ਵਾਲੇ ਨੂੰ ਗਰਮੀ ਵਧਣ ਦਾ ਡਰ ਬਣਿਆ ਰਹਿੰਦਾ ਹੈ। ਇਸ ਕਰਕੇ ਹਲਕਾ ਜਲਾਬ ਲੈਣਾ ਚਾਹੀਦਾ ਹੈ ਜਿਵੇਂ ਅਮਲਤਾਸ ਦਾ ਗੁੱਦਾ, ਈਸਵਗੋਲ ਜਾਂ ਗੁਲਕੰਦ ਲੈਣਾ ਚਾਹੀਦਾ ਹੈ। ਜੇ ਗਰਮੀ ਹੋਵੇ ਤਾਂ ਮਿਸ਼ਰੀ ਨਾਲ, ਜੇ ਰੇਸ਼ਾ ਬਲਗਮ ਹੋਵੇ ਤਾਂ ਸ਼ਹਿਦ ਨਾਲ ਜੇ ਵਾਯੂ ਦਾ, ਪ੍ਰਕੋਪ ਹੋਵੇ ਤਾਂ ਦੇਸੀ ਘਿਉ ਨਾਲ ਉਪਰੋਕਤ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਹ ਦੀਪਣ ਪਾਤਣ (ਭੁੱਖ ਅਤੇ ਹਾਜ਼ਮੇਦਾਰ) ਦਰਦ, ਸੂਲ਼ ਹਰਨ, ਪੇਟ ਦੇ ਕੀੜੇ, ਬਦਹਜ਼ਮੀ, ਕੁੱਝ ਖਾਣ ਨੂੰ ਜੀਅ ਨਾ ਕਰਨਾ, ਕਬਜ਼ੀ, ਦਰਦ, ਪੇਟ

ਗੈਸ, ਗੋਲ਼ਾ, ਬਵਾਸੀਰ ਅਤੇ ਪੇਟ ਦੇ ਰੋਗਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਨੇਤਰਾਂ ਲਈ ਹਿੱਤਕਾਰੀ ਹੈ। ਇਹ ਹਿਰਦੇ ਰੋਗ ਲਈ ਅਤਿੱਤ ਲਾਭਕਾਰੀ ਹੈ। ਇਸ ਦੀ ਵਰਤੋਂ ਨਾਲ ਵਧੇ ਹੋਏ ਰਕਤਚਾਪ (ਬਲੱਡ ਪਰੈਸ਼ਰ) ਨੂੰ ਵੀ ਲਾਭ ਹੁੰਦਾ ਹੈ। ਅਫ਼ਾਰਾ ਵੀ ਘੱਟ ਹੋ ਕੇ ਹਿਰਦੇ ਉੱਪਰ ਪਿਆ ਦਬਾਅ ਘੱਟ ਜਾਂਦਾ ਹੈ। ਜਿਸ ਕਰਕੇ ਦਿਲ ਨੂੰ ਤਾਕਤ ਮਿਲਦੀ ਹੈ। ਇਹ ਸੋਜ ਨੂੰ ਵੀ ਘਟਾਉਂਦੀ ਹੈ। ਪਿਛਲੇ ਦਿਨਾਂ ਵਿਚ ਹਾਰਟ ਕੇਅਰ ਫਾਊਂਡੇਸ਼ਨ ਆਫ਼ ਇੰਡੀਆ ਦੇ ਡੀਨ ਡਾ. ਏ.ਕੇ. ਅਗਰਵਾਲ ਦੇ ਅਨੁਸਾਰ ਲਸਣ ਕੋਲੈਸਟ੍ਰਾਲ ਨੂੰ ਘੱਟ ਕਰਦਾ ਹੈ ਅਤੇ ਸੁੰਗੜੀਆਂ ਹੋਈਆਂ ਧਮਨੀਆਂ (ਨਸਾਂ) ਵਿਚ ਖ਼ੂਨ ਦਾ ਕਲਾਟ ਨਾ ਜੰਮਣ ਦੇਣ ਦੀ ਲਸਣ ਵਿਚ ਅਦਭੁੱਤ ਸ਼ਕਤੀ ਹੈ। ਇਸ ਕਰਕੇ ਬਲਗਮ ਨੂੰ ਨਿਕਾਲ ਕੇ ਖਾਂਸੀ, ਸਾਹ (ਦਮਾ) ਲਈ ਹਿੱਤਕਾਰੀ ਹੈ ਅਤੇ ਗਲ਼ੇ ਦੇ ਰੋਗ ਤੇ ਆਵਾਜ਼ ਬੈਠਣ ਆਦਿ ਦੂਰ ਹੁੰਦੇ ਹਨ। ਫੇਫੜਿਆਂ ਦੇ ਰੋਗਾਂ ਨੂੰ ਵੀ ਦੂਰ ਕਰਦਾ ਹੈ।

